ਸੋਮਵਾਰ, 19 ਅਕਤੂਬਰ, 2026
3 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 139

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 19 OCTOBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮਨਰੇਗਾ ਮਜ਼ਦੂਰਾਂ ਨੂੰ ਕਾਰ ਨੇ ਦਰੜਿਆ, 9 ਮੌਤਾਂ

### ਮ੍ਰਿਤਕਾਂ 'ਚ ਬਹੁਤੀਆਂ ਬੀਬੀਆਂ



**ਲਹਿਰਾਗਾਗਾ (ਨਵਾਂ ਜ਼ਮਾਨਾ ਸਰਵਿਸ)**
ਜਾਖਲ ਮੁੱਖ ਮਾਰਗ 'ਤੇ ਪਿੰਡ ਅਲੀਸ਼ੇਰ ਨੇੜੇ ਐਤਵਾਰ ਵਾਪਰੇ ਹਾਦਸੇ ਵਿੱਚ ਮਨਰੇਗਾ ਤਹਿਤ ਕੰਮ ਕਰਦੇ 9 ਮਜ਼ਦੂਰਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿਚ ਜ਼ਿਆਦਾਤਰ ਔਰਤਾਂ ਹਨ। ਕੰਮ ਕਰਦੇ ਮਜ਼ਦੂਰਾਂ ਉਪਰ ਬੇਕਾਬੂ ਹੋਈ ਕਾਰ ਚੜ੍ਹ ਗਈ। ਘਟਨਾ ਤੋਂ ਬਾਅਦ ਇਕੱਠੇ ਹੋਏ ਪਿੰਡ ਵਾਸੀਆਂ ਨੇ ਮੁੱਖ ਮਾਰਗ 'ਤੇ ਧਰਨਾ ਲਾ ਦਿੱਤਾ। ਇਹ ਹਾਦਸਾ ਸ਼ਾਮ ਪੰਜ ਵਜੇ ਤੋਂ ਕੁਝ ਸਮਾਂ ਪਹਿਲਾਂ ਹੋਇਆ। 5 ਮਜ਼ਦੂਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦ ਕਿ 4 ਬਾਅਦ ਵਿਚ ਦਮ ਤੋੜ ਗਏ। ਚਾਰ ਹੋਰ ਔਰਤਾਂ ਗੰਭੀਰ ਜ਼ਖ਼ਮੀ ਦੱਸੀਆਂ ਜਾ ਰਹੀਆਂ ਹਨ। ਸ਼ੈਵਰਲੇ ਓਪਟਰਾ ਮੈਗਨਮ ਦੇ ਡਰਾਈਵਰ ਦੀ ਪਛਾਣ ਪ੍ਰਗਟ ਸਿੰਘ ਕਾਲਾ ਵਜੋਂ ਹੋਈ ਹੈ, ਜੋ ਕਿ ਰਾਏਧਰਾਨਾ ਪਿੰਡ ਦਾ ਰਹਿਣ ਵਾਲਾ ਹੈ। ਮ੍ਰਿਤਕਾਂ ਵਿੱਚ ਛੇ ਔਰਤਾਂ, ਕਰਮਜੀਤ ਕੌਰ, ਨਿੱਕੀ, ਸਰਬਜੀਤ ਕੌਰ, ਰਣਜੀਤ ਕੌਰ, ਕਰਮਜੀਤ ਤੇ ਰਾਣੀ ਕੌਰ ਅਤੇ ਦੋ ਮਰਦ ਜੀਵਨ ਸਿੰਘ ਅਤੇ ਦੇਸ ਰਾਜ ਸ਼ਾਮਲ ਹਨ। ਮ੍ਰਿਤਕਾਂ ਵਿੱਚੋਂ ਸੱਤ ਅਲੀਸ਼ੇਰ ਪਿੰਡ ਦੇ ਦੱਸੇ ਗਏ ਹਨ। ਹਰਵਿੰਦਰ ਸਿੰਘ, ਜੋ ਕਿ ਨੇੜਲੀ ਫੈਕਟਰੀ ਵਿੱਚ ਕੰਮ ਕਰਦਾ ਹੈ, ਮਦਦ ਲਈ ਪਹੁੰਚਣ ਵਾਲੇ ਪਹਿਲੇ ਲੋਕਾਂ ਵਿੱਚ ਸੀ। ਉਸਨੇ ਕਿਹਾ ਕਿ ਪੁਲਸ ਅਧਿਕਾਰੀਆਂ ਵੱਲੋਂ ਬੁਲਾਉਣ ਦੇ ਬਾਵਜੂਦ, ਐਂਬੂਲੈਂਸ ਨੂੰ ਮੌਕੇ 'ਤੇ ਪਹੁੰਚਣ ਵਿੱਚ ਲਗਪਗ ਇੱਕ ਘੰਟਾ ਲੱਗਿਆ। ਇੱਕ ਹੋਰ ਚਸ਼ਮਦੀਦ ਨੇ ਕਿਹਾ ਕਿ ਪੀੜਤ ਸੜਕ ਕਿਨਾਰੇ ਤੜਫਦੇ ਪਏ ਸਨ ਜਦੋਂ ਕਿ ਅਧਿਕਾਰੀ ਰਸਮੀ ਕਾਰਵਾਈਆਂ ਪੂਰੀਆਂ ਕਰਨ 'ਤੇ ਜ਼ੋਰ ਦੇ ਰਹੇ ਸਨ। ਉਹ ਐਂਬੂਲੈਂਸ ਦੀ ਉਡੀਕ ਵਿੱਚ ਮਰ ਗਏ; ਉਨ੍ਹਾਂ ਵਿੱਚੋਂ ਬਹੁਤਿਆਂ ਦੀ ਮੌਤ ਖ਼ੂਨ ਵਹਿਣ ਕਾਰਨ ਹੋਈ।

## ਜੇ ਕੇ ਦੀ ਨੰਬਰ ਪਲੇਟ ਦੇਖ ਕੇ ਬੱਸ 'ਤੇ ਹਮਲਾ

**ਜੰਮੂ (ਨ ਜ਼ ਸ)**-ਹਰਿਆਣਾ ਵਿੱਚ ਸਨਿੱਚਰਵਾਰ ਰਾਤ ਸਾਢੇ 10 ਵਜੇ ਹਮਲੇ ਦਾ ਸ਼ਿਕਾਰ ਹੋਈ ਬੱਸ ਦੇ ਡਰਾਈਵਰ ਨੇ ਦੋਸ਼ ਲਾਇਆ ਹੈ ਕਿ ਹਮਲਾਵਰਾਂ ਨੇ ਬੱਸ ਦੀ ਨੰਬਰ ਪਲੇਟ ਦੇਖਣ ਤੋਂ ਬਾਅਦ ਉਸ ਨੂੰ ਦਹਿਸ਼ਤਗਰਦ ਕਿਹਾ। ਇਹ ਘਟਨਾ ਕਰਨਾਲ ਦੇ ਡੀਵਾਈਨ ਢਾਬੇ ਦੀ ਪਾਰਕਿੰਗ ਵਿੱਚ ਵਾਪਰੀ। ਡਰਾਈਵਰ ਵਕਾਰ ਚੌਧਰੀ ਨੇ ਦੱਸਿਆ, 'ਹਮਲਾਵਰਾਂ ਨੇ ਮੈਨੂੰ ਗਾਲ੍ਹਾਂ ਕੱਢੀਆਂ ਅਤੇ ਬੱਸ ਨੂੰ ਉੱਥੋਂ ਹਟਾਉਣ ਲਈ ਕਿਹਾ। ਜੰਮੂ-ਕਸ਼ਮੀਰ ਦੀ ਨੰਬਰ ਪਲੇਟ ਦੇਖਣ ਤੋਂ ਬਾਅਦ ਉਨ੍ਹਾਂ ਮੈਨੂੰ ਸਿੱਧਾ ਦਹਿਸ਼ਤਗਰਦ ਕਿਹਾ। ਮੈਂ ਇਸ ਨੂੰ ਹਲਕੇ ਵਿੱਚ ਲਿਆ, ਕਿਉਂਕਿ ਉਹ ਸ਼ਰਾਬ ਦੇ ਨਸ਼ੇ ਵਿੱਚ ਸਨ, ਪਰ ਜਲਦੀ ਹੀ ਉਨ੍ਹਾਂ ਬੱਸ 'ਤੇ ਪੱਥਰ ਅਤੇ ਇੱਟਾਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਅੰਦਰ ਬੈਠੇ ਯਾਤਰੀ ਜ਼ਖ਼ਮੀ ਹੋ ਗਏ।'

ਵਕਾਰ ਨੇ ਦੱਸਿਆ ਕਿ ਘਟਨਾ ਸਮੇਂ 40 ਸੀਟਰ ਬੱਸ ਵਿੱਚ ਕਰੀਬ 35 ਯਾਤਰੀ ਸਵਾਰ ਸਨ। ਦਿੱਲੀ ਤੋਂ ਕਸ਼ਮੀਰ ਜਾ ਰਹੇ ਤਿੰਨ ਯਾਤਰੀਆਂ ਨੇ ਆਪਣਾ ਸਫਰ ਅੱਗੇ ਜਾਰੀ ਨਾ ਰੱਖਣ ਦਾ ਫ਼ੈਸਲਾ ਕੀਤਾ ਅਤੇ ਘਟਨਾ ਵਾਲੀ ਥਾਂ ਤੋਂ ਹੀ ਆਪਣੇ ਘਰਾਂ ਨੂੰ ਪਰਤ ਗਏ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਹ ਮਾਮਲਾ ਹਰਿਆਣਾ ਸਰਕਾਰ ਕੋਲ ਚੁੱਕਿਆ ਹੈ। ਉਨ੍ਹਾ ਮੁਲਜ਼ਮਾਂ ਖਿਲਾਫ ਸਖਤ ਕਾਰਵਾਈ ਅਤੇ ਯਾਤਰੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਦਮ ਚੁੱਕਣ ਦੀ ਮੰਗ ਕੀਤੀ ਹੈ।

## ਗਲਤੀ ਕਰ ਬੈਠਾ : ਜਗਨ ਮੋਹਨ ਰੈੱਡੀ

### ਚੋਣ ਕਮਿਸ਼ਨਰਾਂ ਬਾਰੇ ਬਿੱਲ ਦੀ ਹਮਾਇਤ ਨਹੀਂ ਕਰਨੀ ਚਾਹੀਦੀ ਸੀ



**ਹੈਦਰਾਬਾਦ** : ਇੱਕ ਅਹਿਮ ਘਟਨਾਕ੍ਰਮ ਵਿੱਚ ਵਾਈ ਐੱਸ ਆਰ ਕਾਂਗਰਸ ਪਾਰਟੀ ਦੇ ਪ੍ਰਧਾਨ ਤੇ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵਾਈ ਐੱਸ ਜਗਨ ਮੋਹਨ ਰੈਡੀ ਨੇ ਐਤਵਾਰ ਕਿਹਾ ਕਿ ਉਨ੍ਹਾਂ ਦੀ ਪਾਰਟੀ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਸੰਬੰਧੀ ਬਿੱਲ 'ਤੇ ਐੱਨ ਡੀ ਏ ਸਰਕਾਰ ਦਾ ਸਮਰਥਨ ਕਰਨ ਵਿੱਚ ਗਲਤ ਸੀ। ਰੈਡੀ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ, 'ਸਾਨੂੰ ਹੁਣ ਇਸ 'ਤੇ ਅਫਸੋਸ ਹੈ... ਸਾਨੂੰ ਅਹਿਸਾਸ ਹੋ ਗਿਆ ਹੈ ਕਿ ਸਾਡੇ ਵੱਲੋਂ ਇੱਕ ਚੋਣ ਪ੍ਰਕਿਰਿਆ ਦੀ ਇਜਾਜ਼ਤ ਦੇਣਾ ਗਲਤ ਸੀ, ਜਿੱਥੇ ਚੋਣ ਕਮਿਸ਼ਨਰ ਦੀ ਚੋਣ ਪ੍ਰਧਾਨ ਮੰਤਰੀ, ਪ੍ਰਧਾਨ ਮੰਤਰੀ ਵੱਲੋਂ ਚੁਣੇ ਗਏ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਵਾਲੇ ਤਿੰਨ ਮੈਂਬਰੀ ਪੈਨਲ ਵੱਲੋਂ ਕੀਤੀ ਜਾਂਦੀ ਹੈ। ਮੌਜੂਦਾ ਪ੍ਰਬੰਧ ਨੇ ਚੋਣ ਕਮਿਸ਼ਨ ਦੀ ਬਣਤਰ ਨੂੰ ਵਿਗਾੜ ਦਿੱਤਾ ਹੈ।' ਪਾਰਟੀ ਦੇ ਲੋਕ ਸਭਾ ਵਿੱਚ ਚਾਰ ਤੇ ਰਾਜ ਸਭਾ ਵਿੱਚ ਵੀ ਚਾਰ ਮੈਂਬਰ ਹਨ। ਰੈਡੀ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫੇ ਦੀ ਮੰਗ ਕਰ ਰਹੇ ਹਨ ਨੌਜਵਾਨ ਪ੍ਰਦਰਸ਼ਨਕਾਰੀਆਂ ਦਾ ਸਮਰਥਨ ਕੀਤਾ ਹੈ। ਇਸ ਨਾਲ ਦੱਖਣੀ ਭਾਰਤ ਵਿੱਚ ਬਦਲ ਰਹੇ ਰਾਜਨੀਤਕ ਸਮੀਕਰਨ ਦੇ ਸੰਕੇਤ ਮਿਲਦੇ ਹਨ। ਇਹ ਕਦਮ ਉਨ੍ਹਾ ਦੇ ਪਹਿਲੇ ਰੁਖ ਤੋਂ ਇੱਕ ਵੱਡਾ ਬਦਲਾਅ ਹੈ। ਹੁਣ ਤੱਕ ਵਾਈ ਐੱਸ ਆਰ ਕਾਂਗਰਸ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਦਾ ਲਗਾਤਾਰ ਸਮਰਥਨ ਕਰਦੀ ਆਈ ਹੈ।

### ਸਰਕਾਰ ਦੀ ਐਕਸਪਾਇਰੀ ਨੇੜੇ : ਰਾਹੁਲ

**ਪਣਜੀ** : ਰਾਹੁਲ ਗਾਂਧੀ ਨੇ ਐਤਵਾਰ ਗੋਆ ਵਿੱਚ ਕਿਹਾ, 'ਮੈਂ ਹਰ ਰਾਜ ਨੂੰ ਕਹਿੰਦਾ ਹਾਂ ਕਿ ਪ੍ਰਧਾਨ ਮੰਤਰੀ ਵੋਟਾਂ ਚੋਰੀ ਕਰਦੇ ਹਨ, ਪਰ ਮੇਰੇ ਖਿਲਾਫ ਕੋਈ ਕੇਸ ਦਰਜ ਨਹੀਂ ਕੀਤਾ ਜਾਂਦਾ। ਕਿਉਂਕਿ ਉਹ ਜਾਣਦੇ ਹਨ ਕਿ ਜੇ ਕੇਸ ਦਰਜ ਕੀਤਾ ਜਾਂਦਾ ਹੈ, ਤਾਂ ਮਾਮਲਾ ਕਾਨੂੰਨੀ ਬਣ ਜਾਵੇਗਾ ਅਤੇ ਉਹ ਮੁਸੀਬਤ ਵਿੱਚ ਪੈ ਜਾਣਗੇ।' ਉਨ੍ਹਾ ਕਿਹਾ, 'ਸਰਕਾਰ ਦੀ ਐਕਪਾਇਰੀ ਡੇਟ ਨੇੜੇ ਆ ਰਹੀ ਹੈ। ਤੁਸੀਂ ਦੇਖਿਆ ਹੋਵੇਗਾ ਕਿ ਪ੍ਰਧਾਨ ਮੰਤਰੀ ਇਨ੍ਹਾਂ ਦਿਨਾਂ ਵਿੱਚ ਖੜ੍ਹੇ ਨਹੀਂ ਹੋ ਸਕਦੇ, ਕਿਉਂਕਿ ਉਹ ਜਾਣਦੇ ਹਨ ਕਿ ਦੇਸ਼ ਦੇ ਨੌਜਵਾਨ ਉਨ੍ਹਾਂ ਦੇ ਵਿਰੁੱਧ ਉੱਠ ਖੜ੍ਹੇ ਹੋਏ ਹਨ।'

ਰਾਹੁਲ ਕਾਂਗਰਸ ਦੇ ਆਊਟਰੀਚ ਮੁਹਿੰਮ 'ਗੋਏ ਰਾਖੋਨ ਯਾਤਰਾ' ਵਿੱਚ ਹਿੱਸਾ ਲੈਣ ਲਈ ਗੋਆ ਪਹੁੰਚੇ। ਕਾਂਗਰਸ ਪਾਰਟੀ ਨੇ ਆਪਣੀ 28 ਦਿਨਾਂ ਦੀ ਯਾਤਰਾ ਇੱਥੇ ਸਮਾਪਤ ਕੀਤੀ। ਗੋਆ ਵਿੱਚ 2027 ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਰਾਹੁਲ ਨੇ ਕਿਹਾ ਕਿ ਪੂਰੀ ਦੁਨੀਆ ਮੰਨਦੀ ਸੀ ਕਿ ਭਾਰਤ ਦੀ ਸਿੱਖਿਆ ਪ੍ਰਣਾਲੀ ਨੰਬਰ ਇੱਕ ਮਾਡਲ ਸੀ, ਪਰ ਅੱਜ ਦਿੱਲੀ ਵਿੱਚ ਵਿਦਿਆਰਥੀਆਂ ਨੂੰ ਮਾਰਿਆ ਜਾ ਰਿਹਾ ਹੈ। ਭਾਜਪਾ ਅਤੇ ਆਰ ਐੱਸ ਐੱਸ ਦੇ ਲੋਕ ਹਰ ਸਿੱਖਿਆ ਪ੍ਰਣਾਲੀ ਵਿੱਚ ਸ਼ਾਮਲ ਹਨ।

## ਰਾਮ ਲੀਲ੍ਹਾ ਦੇ ਹਾਥੀ ਨੇ ਪਾਇਆ ਭੜਥੂ

**ਵਾਰਾਣਸੀ (ਨ ਜ਼ ਸ)**-ਮਸ਼ਹੂਰ ਰਾਮ ਲੀਲ੍ਹਾ ਦੇ ਹਿੱਸੇ ਹਾਥੀ ਨੇ ਐਤਵਾਰ ਅਚਾਨਕ ਬੇਕਾਬੂ ਹੋ ਕੇ ਜ਼ਬਰਦਸਤ ਖਰੂਦ ਪਾਇਆ। ਖੰਭੇ ਤੇ ਦਰੱਖਤ ਪੁੱਟ ਦਿੱਤੇ। ਲੋਕ ਆਪਣੀ ਜਾਨ ਬਚਾਉਣ ਲਈ ਭੱਜੇ। ਜਦੋਂ ਮਹਾਵਤ ਨੇ ਉਸ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਹਾਥੀ ਨੇ ਉਸ ਨੂੰ ਆਪਣੀ ਸੁੰਡ ਨਾਲ ਚੁੱਕ ਕੇ ਹੇਠਾਂ ਸੁੱਟ ਦਿੱਤਾ। ਇੱਥੋਂ ਤੱਕ ਕਿ ਉਸ ਨੇ ਉਸ ਨੂੰ ਕੁਚਲਣ ਦੀ ਵੀ ਕੋਸ਼ਿਸ਼ ਕੀਤੀ। ਉਸ ਨੂੰ 50 ਟਾਂਕੇ ਲੱਗੇ।

ਇਹ ਘਟਨਾ ਸਵੇਰੇ 10:30 ਵਜੇ ਪੰਚਵਟੀ ਮੈਦਾਨ ਵਿੱਚ ਵਾਪਰੀ। ਮਹਾਵਤ ਛਪਾਲੂ ਤਿੰਨ ਹਾਥੀਆਂ ਨੂੰ ਖਾਣਾ ਖੁਆਉਣ ਜਾ ਰਿਹਾ ਸੀ, ਜਦੋਂ ਉਨ੍ਹਾਂ ਵਿੱਚੋਂ ਇੱਕ ਗੁੱਸੇ ਵਿੱਚ ਆ ਗਿਆ। ਉਹ ਮੈਦਾਨ ਤੋਂ ਬਾਹਰ ਨਿਕਲ ਕੇ ਸੜਕ 'ਤੇ ਆ ਗਿਆ। ਸੂਚਨਾ ਮਿਲਣ 'ਤੇ ਪੁਲਸ ਨੇ 2 ਕਿੱਲੋਮੀਟਰ ਦੇ ਇਲਾਕੇ ਨੂੰ ਸੀਲ ਕਰ ਦਿੱਤਾ। ਲਿੰਕ ਸੜਕਾਂ 'ਤੇ ਬੈਰੀਕੇਡ ਲਗਾ ਦਿੱਤੇ।

ਰਾਮ ਅਤੇ ਰਾਵਣ ਵਿਚਕਾਰ ਐਤਵਾਰ ਪੰਚਵਟੀ ਮੈਦਾਨ ਵਿੱਚ ਯੁੱਧ ਹੋਣਾ ਸੀ। ਇਹ ਮੈਦਾਨ ਜ਼ਿਲ੍ਹਾ ਹੈੱਡਕੁਆਰਟਰ ਤੋਂ 17 ਕਿੱਲੋਮੀਟਰ ਅਤੇ ਕਾਸ਼ੀ ਵਿਸ਼ਵਨਾਥ ਮੰਦਰ ਤੋਂ 10 ਕਿੱਲੋਮੀਟਰ ਦੂਰ ਹੈ। ਰਾਮ ਲੀਲ੍ਹਾ ਲਈ ਲਿਆਂਦੇ ਗਏ ਹਾਥੀ ਇੱਥੇ ਰੱਖੇ ਜਾਂਦੇ ਹਨ।

ਇਸ 200 ਸਾਲ ਪੁਰਾਣੀ ਰਾਮ ਲੀਲ੍ਹਾ ਦੇ ਕਲਾਕਾਰ ਅਤੇ ਹੋਰ ਭਾਗੀਦਾਰ ਵੀ ਇੱਥੇ ਰਹਿੰਦੇ ਹਨ। ਕਾਸ਼ੀ ਰਾਜਾ ਡਾ. ਅਨੰਤ ਨਾਰਾਇਣ ਸਿੰਘ ਦੇ ਪੁੱਤਰ ਹਾਥੀ ਤੋਂ ਰਾਮ ਲੀਲ੍ਹਾ ਦੇਖਦੇ ਹਨ। ਆਜ਼ਮਗੜ੍ਹ ਦਾ ਰਹਿਣ ਵਾਲਾ ਛਪਾਲੂ ਪਿਛਲੇ 13 ਸਾਲਾਂ ਤੋਂ ਕਾਸ਼ੀ ਨਰੇਸ਼ ਦੇ ਹਾਥੀ ਦੀ ਦੇਖਭਾਲ ਕਰ ਰਿਹਾ ਹੈ।

ਛਪਾਲੂ ਦੇ ਭਤੀਜੇ ਨੌਸ਼ਾਦ ਨੇ ਦੱਸਿਆ ਕਿ ਕਾਸ਼ੀ ਰਾਜਾ ਅਨੰਤ ਨਾਰਾਇਣ ਸਿੰਘ ਨਾਲ ਸੰਬੰਧਤ ਤਿੰਨ ਹਾਥੀ ਰਾਮਨਗਰ ਦੇ ਪੰਚਵਟੀ ਖੇਤਰ ਵਿੱਚ ਰੱਖੇ ਗਏ ਹਨ। ਹਾਥੀਆਂ ਦੇ ਅਚਾਨਕ ਬੇਕਾਬੂ ਹੋ ਜਾਣ ਵਾਲੇ ਵਿਵਹਾਰ ਨੇ ਪੂਰੇ ਖੇਤਰ ਵਿੱਚ ਦਹਿਸ਼ਤ ਫੈਲਾ ਦਿੱਤੀ।

## ਫ਼ਰਾਂਸ 'ਚ ਮਹਿੰਗਾਈ ਨੂੰ ਲੈ ਕੇ ਸਾੜਫੂਕ ਤੇ ਲੁੱਟਮਾਰ

**ਪੈਰਿਸ** : ਵਧੀਆ ਰਹਿਣ-ਸਹਿਣ ਦੀਆਂ ਲਾਗਤਾਂ ਅਤੇ ਡਿੱਗ ਰਹੀਆਂ ਜਨਤਕ ਸੇਵਾਵਾਂ ਵਿਰੁੱਧ ਪ੍ਰਦਰਸ਼ਨ ਬੇਕਾਬੂ ਹੋਣ ਕਰਕੇ ਫ਼ਰਾਂਸ ਦੇ ਸ਼ਹਿਰਾਂ ਵਿੱਚ ਦੰਗੇ ਭੜਕ ਉੱਠੇ ਹਨ, ਜੋ ਕਿ ਪਿਛਲੇ ਦਹਾਕਿਆਂ ਵਿੱਚ ਦੇਸ਼ ਵਿਚ ਹੋਈ ਸਭ ਤੋਂ ਮਾੜੀ ਹਿੰਸਾ ਵਿੱਚੋਂ ਇੱਕ ਮੰਨੀ ਜਾ ਰਹੀ ਹੈ। ਇਸ ਦੌਰਾਨ ਦਰਜਨਾਂ ਸ਼ਹਿਰਾਂ ਵਿੱਚ ਰੈਲੀਆਂ ਤੇ ਮਾਰਚਾਂ ਵਿੱਚ ਲੱਖਾਂ ਲੋਕਾਂ ਨੇ ਸ਼ਾਂਤੀਪੂਰਵਕ ਪ੍ਰਦਰਸ਼ਨ ਕੀਤਾ, ਹਿੰਸਕ ਕੱਟੜਪੰਥੀ ਸਮੂਹਾਂ ਨੇ ਜਨਤਕ ਇਮਾਰਤਾਂ ਨੂੰ ਨਿਸ਼ਾਨਾ ਬਣਾਇਆ, ਆਲੀਸ਼ਾਨ ਦੁਕਾਨਾਂ ਅਤੇ ਸੁਪਰ ਮਾਰਕੀਟਾਂ ਨੂੰ ਲੁੱਟਿਆ ਅਤੇ ਪੁਲਸ ਵਾਹਨਾਂ ਤੇ ਅਧਿਕਾਰੀਆਂ 'ਤੇ ਹਮਲੇ ਕੀਤੇ। ਲਿਮੋਜਸ ਵਿੱਚ, ਸਿਟੀ ਹਾਲ ਨੂੰ ਅੱਗ ਲਗਾ ਦਿੱਤੀ ਗਈ। ਮਾਰਸੇਈ 'ਚ



ਕਾਲੇ ਕੱਪੜੇ ਪਹਿਨੀ ਪ੍ਰਦਰਸ਼ਨਕਾਰੀ ਸਿਟੀ ਹਾਲ ਵਿੱਚ ਵੜ ਗਏ ਤੇ ਇਮਾਰਤ 'ਤੇ ਅਰਾਜਕਤਾਵਾਦੀ ਗ੍ਰਾਫਿਟੀ ਬਣਾ ਦਿੱਤੀ। ਲਿਓਨ 'ਚ, ਪ੍ਰਦਰਸ਼ਨਕਾਰੀਆਂ ਨੇ ਸ਼ਹਿਰ ਦੇ ਸੈਰ-ਸਪਾਟਾ ਦਫ਼ਤਰ ਨੂੰ ਅੱਗ ਲਗਾ ਦਿੱਤੀ। ਫ਼ਰਾਂਸ ਦੇ ਪ੍ਰਧਾਨ ਮੰਤਰੀ ਸੇਬਾਸਟੀਅਨ ਲੇਕੋਰਨੂ ਨੇ ਕਿਹਾ ਕਿ ਸਰਕਾਰ ਹਿੰਸਾ ਤੋਂ ਡਰਨ ਵਾਲੀ ਨਹੀਂ ਹੈ ਅਤੇ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਇਸ ਅਸ਼ਾਂਤੀ ਲਈ ਅਤਿ-ਖੱਬੇਪੱਖੀ ਅਤੇ ਅਪਰਾਧੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਸ਼ਾਮ ਨੂੰ ਘਟਨਾ ਸਥਾਨਾਂ ਦਾ ਦੌਰਾ ਕਰਨ ਦੌਰਾਨ ਲੇਕੋਰਨੂ ਨੇ ਅੱਗੇ ਦੱਸਿਆ ਕਿ ਪ੍ਰਦਰਸ਼ਨਾਂ ਦੇ ਹਿੱਸੇ ਵਜੋਂ ਲੱਗਭੱਗ 1,200 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਹਿ ਮੰਤਰੀ ਲੌਰੈਂਟ ਨੂਨੇਜ਼ ਨੇ ਕਿਹਾ ਕਿ ਦੇਸ਼ ਭਰ ਵਿੱਚ ਲੱਗਭੱਗ 5,50,000 ਲੋਕਾਂ ਨੇ ਮੁਜ਼ਾਹਰਿਆਂ ਵਿੱਚ ਭਾਗ

• ਬਾਕੀ ਸਫਾ 2 'ਤੇ

## ਸ਼ਾਹ ਭਲਕੇ ਪੰਜਾਬ 'ਚ, ਕੇਂਦਰ ਦੱਸੇ ਕਿ ਨਸ਼ਿਆਂ ਦੀ ਸਪਲਾਈ ਰੋਕਣ ਲਈ ਕੀ ਕੀਤਾ : ਨੀਲ ਗਰਗ



**ਬਠਿੰਡਾ (ਨ ਜ਼ ਸ)**-ਆਪ ਦੇ ਸੀਨੀਅਰ ਬੁਲਾਰੇ ਤੇ ਪੰਜਾਬ ਮੀਡੀਅਮ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਨੀਲ ਗਰਗ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ 20 ਅਕਤੂਬਰ ਦੇ ਪੰਜਾਬ ਦੌਰੇ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਸਿਆਸੀ ਭਾਸ਼ਣਾਂ ਅਤੇ ਵੱਡੇ-ਵੱਡੇ ਦਾਅਵਿਆਂ ਦੀ ਬਜਾਏ ਨਸ਼ਿਆਂ ਵਿਰੁੱਧ ਠੋਸ ਕਾਰਵਾਈ ਅਤੇ ਜਵਾਬਦੇਹੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਨਸ਼ਿਆਂ ਦੀ ਸਪਲਾਈ ਰੋਕਣ ਲਈ ਕੇਂਦਰ ਸਰਕਾਰ ਨੇ ਹੁਣ ਤੱਕ ਕੀ ਕਦਮ ਚੁੱਕੇ ਹਨ ਅਤੇ ਇਨ੍ਹਾਂ ਦੇ ਕੀ ਨਤੀਜੇ ਨਿਕਲੇ ਹਨ। ਨੀਲ ਗਰਗ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਕਿਸੇ ਵੀ ਸਿਆਸੀ ਪ੍ਰਚਾਰ ਨਾਲੋਂ ਵੱਧ ਅਹਿਮ ਹੈ। ਉਨ੍ਹਾ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਦੇ ਜੜ੍ਹੋਂ ਖ਼ਾਤਮੇ ਲਈ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਏਜੰਸੀਆਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨਾ ਚਾਹੀਦਾ ਹੈ। ਉਨ੍ਹਾ ਜ਼ੋਰ ਦਿੱਤਾ ਕਿ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਰੋਕਣ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਸੀਮਾ ਸੁਰੱਖਿਆ ਬਲ (ਬੀ ਐੱਸ ਐੱਫ਼) ਦੀ ਅਹਿਮ ਜ਼ਿੰਮੇਵਾਰੀ ਹੈ। ਉਨ੍ਹਾ ਕਿਹਾ ਕਿ ਡਰੋਨਾਂ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਰੋਕਣ ਲਈ ਕੇਂਦਰ ਸਰਕਾਰ ਆਪਣੀ ਰਣਨੀਤੀ ਅਤੇ ਕਾਰਵਾਈ ਦੇ ਨਤੀਜੇ ਜਨਤਕ ਕਰੇ। ਇਸ ਦੇ ਨਾਲ ਹੀ ਨਸ਼ਾ ਤਸਕਰੀ ਦੇ ਵੱਡੇ ਨੈੱਟਵਰਕਾਂ ਅਤੇ ਉਨ੍ਹਾਂ ਨੂੰ ਵਿੱਤੀ ਸਹਾਇਤਾ ਦੇਣ ਵਾਲਿਆਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਈ ਜਾਵੇ।

### 15 ਸ਼ਰਧਾਲੂਆਂ ਦੀ ਮੌਤ, 26 ਜ਼ਖਮੀ

**ਗਵਾਲੀਅਰ** : ਮੱਧ ਪ੍ਰਦੇਸ਼ ਦੇ ਗਵਾਲੀਅਰ ਸ਼ਹਿਰ ਵਿੱਚ ਐਤਵਾਰ ਤੜਕੇ ਇੱਕ ਟਰੱਕ ਵੱਲੋਂ ਮੰਦਰ ਨੇੜੇ ਇੰਤਜ਼ਾਰ ਕਰ ਰਹੇ ਕਈ ਸ਼ਰਧਾਲੂਆਂ ਵਿੱਚ ਟੱਕਰ ਮਾਰੇ ਜਾਣ ਕਾਰਨ 15 ਵਿਅਕਤੀਆਂ ਦੀ ਮੌਤ ਹੋ ਗਈ ਅਤੇ 26 ਜ਼ਖ਼ਮੀ ਹੋ ਗਏ। ਇਹ ਘਟਨਾ ਸ਼ੀਤਲਾ ਮਾਤਾ ਮੰਦਰ ਰੋਡ 'ਤੇ ਤੜਕੇ ਲੱਗਭੱਗ 1.30 ਵਜੇ ਵਾਪਰੀ ਜਦੋਂ ਟਰੱਕ ਚਾਲਕ ਨੇ ਵਾਹਨ ਤੋਂ ਕੰਟਰੋਲ ਗੁਆ ਦਿੱਤਾ।

### ਹਲਵਾਰਾ ਤੋਂ ਉਡਾਣਾਂ ਦਾ ਨਵਾਂ ਸ਼ਡਿਊਲ

**ਲੁਧਿਆਣਾ** : ਏਅਰ ਇੰਡੀਆ ਸਰਦੀਆਂ ਦੀ ਸਮਾਂ-ਸਾਰਣੀ ਦੇ ਤਹਿਤ 25 ਅਕਤੂਬਰ ਤੋਂ ਦਿੱਲੀ ਅਤੇ ਹਲਵਾਰਾ ਹਵਾਈ ਅੱਡੇ ਵਿਚਕਾਰ ਦੋ ਰੋਜ਼ਾਨਾ ਆਉਣ-ਜਾਣ ਦੀਆਂ ਉਡਾਣਾਂ ਚਲਾਏਗੀ। ਫਲਾਈਟ 19 481 ਦਿੱਲੀ ਤੋਂ ਸਵੇਰੇ 9.50 ਵਜੇ ਰਵਾਨਾ ਹੋਵੇਗੀ ਅਤੇ ਸਵੇਰੇ 11.05 ਵਜੇ ਹਲਵਾਰਾ ਪਹੁੰਚੇਗੀ। ਵਾਪਸੀ ਦੀ ਫਲਾਈਟ, 19 482, ਹਲਵਾਰਾ ਤੋਂ ਸਵੇਰੇ 11.40 ਵਜੇ ਚੱਲੇਗੀ ਅਤੇ ਦੁਪਹਿਰ 12.55 ਵਜੇ ਦਿੱਲੀ ਪਹੁੰਚੇਗੀ। ਇਸੇ ਤਰ੍ਹਾਂ ਦੂਜੀ ਫਲਾਈਟ 19 483 ਦਿੱਲੀ ਤੋਂ ਦੁਪਹਿਰ 2.35 ਵਜੇ ਰਵਾਨਾ ਹੋਵੇਗੀ ਅਤੇ ਦੁਪਹਿਰ 3.55 ਵਜੇ ਹਲਵਾਰਾ ਪਹੁੰਚੇਗੀ। ਇਸ ਦੀ ਵਾਪਸੀ ਦੀ ਫਲਾਈਟ, 19 484, ਹਲਵਾਰਾ ਤੋਂ ਸ਼ਾਮ 4.30 ਵਜੇ ਚੱਲੇਗੀ ਅਤੇ ਸ਼ਾਮ 5.45 ਵਜੇ ਦਿੱਲੀ ਪਹੁੰਚੇਗੀ।

### ਅੰਦੋਲਨ ਜਾਰੀ ਰਹੇਗਾ : ਦੀਪਕੇ

**ਨਵੀਂ ਦਿੱਲੀ** : ਕਾਕਰੋਚ ਜਨਤਾ ਪਾਰਟੀ ਦੇ ਬਾਨੀ ਅਭਿਜੀਤ ਦੀਪਕੇ ਨੇ ਐਤਵਾਰ ਨੂੰ ਗੈਰ-ਕਾਨੂੰਨੀ ਗ੍ਰਿਫ਼ਤਾਰੀਆਂ ਅਤੇ ਨਜ਼ਰਬੰਦੀਆਂ ਦੇ ਬਾਵਜੂਦ ਅੰਦੋਲਨ ਜਾਰੀ ਰੱਖਣ ਦਾ ਅਹਿਦ ਕਰਦਿਆਂ ਕਿਹਾ ਕਿ ਸੌਰਵ ਦਾਸ ਅਤੇ ਆਸ਼ੂਤੋਸ਼ ਰਾਂਕਾ ਦੀ ਰਿਹਾਈ ਤੋਂ ਬਾਅਦ ਦੁਬਾਰਾ ਰਣਨੀਤੀ ਬਣਾਈ ਜਾਵੇਗੀ। ਦੀਪਕੇ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਦੋਵਾਂ ਨੂੰ ਛੇਤੀ ਰਿਹਾਅ ਕਰ ਦਿੱਤਾ ਜਾਵੇਗਾ ਅਤੇ ਉਹ ਕਾਨੂੰਨੀ ਮਾਮਲਿਆਂ 'ਤੇ ਚਰਚਾ ਕਰਨ ਲਈ ਵਕੀਲ ਵਰਿੰਦਾ ਗਰੋਵਰ ਨੂੰ ਮਿਲਣ ਜਾ ਰਹੇ ਹਨ। ਉਨ੍ਹਾਂ ਕਿਹਾ, "ਇੱਕ ਵਾਰ ਸੌਰਵ ਅਤੇ ਆਸ਼ੂ ਦੇ ਬਾਹਰ ਆਉਣ ਤੋਂ ਬਾਅਦ ਅਸੀਂ ਇਕੱਠੇ ਹੋਵਾਂਗੇ, ਦੁਬਾਰਾ ਰਣਨੀਤੀ ਬਣਾਵਾਂਗੇ ਅਤੇ ਅੱਗੇ ਵਧਣ ਦਾ ਫੈਸਲਾ ਕਰਾਂਗੇ। ਪਿਛਲੇ ਕੁਝ ਦਿਨਾਂ ਵਿੱਚ ਅਸੀਂ ਜੋ ਦੇਖਿਆ ਹੈ, ਜਿਸ ਵਿੱਚ ਗੈਰ-ਕਾਨੂੰਨੀ ਗ੍ਰਿਫਤਾਰੀਆਂ ਅਤੇ ਨਜ਼ਰਬੰਦੀਆਂ ਸ਼ਾਮਲ ਹਨ, ਉਸ ਨੂੰ ਦੇਖਦੇ ਹੋਏ ਇਹ ਸਪੱਸ਼ਟ ਹੈ ਕਿ ਸਾਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਲਾਂਕਿ ਅਸੀਂ ਨਾ ਤਾਂ ਡਰਾਵਾਂਗੇ ਅਤੇ ਨਾ ਹੀ ਪਿੱਛੇ ਹਟਾਂਗੇ।"

## ਮੁੱਖ ਮੰਤਰੀ ਵਿਦੇਸ਼ ਯਾਤਰਾ ਛੱਡ ਕੇ ਸਾਰਥਕ ਹੱਲ ਵੱਲ ਤੁਰਨ : ਅਰਸ਼ੀ



**ਮਾਨਸਾ** : ਸੂਬੇ ਦੀ ਅਮਨ-ਕਾਨੂੰਨ ਦੀ ਡਾਵਾਂਡੋਲ ਸਥਿਤੀ 'ਤੇ ਕਾਬੂ ਪਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਦੇਸ਼ ਯਾਤਰਾ ਛੱਡ ਕੇ ਸਥਿਤੀ 'ਤੇ ਕਾਬੂ ਪਾਉਣ ਲਈ ਸਾਰਥਕ ਹੱਲ ਵੱਲ ਤੁਰਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਪਰਮਿੰਦਰ ਸਿੰਘ ਝੋਟਾ ਐਕਸ਼ਨ ਕਮੇਟੀ ਵੱਲੋਂ ਚਲਦੇ ਧਰਨੇ ਮੌਕੇ ਸੰਬੋਧਨ ਕਰਦਿਆਂ ਕੀਤਾ।ਉਹਨਾ ਕਿਹਾ ਕਿ ਅਮਰਵੇਲ ਵਾਂਗ ਵਧ ਰਹੇ ਨਸ਼ਿਆਂ ਦੇ ਕਾਰਨ ਹੋ ਰਹੀਆਂ ਨੌਜਵਾਨਾਂ ਦੀਆਂ ਮੌਤਾਂ ਲਈ ਪੂਰਾ ਸਿਸਟਮ ਜ਼ਿੰਮੇਵਾਰ ਹੈ।ਜੇਕਰ ਸਰਕਾਰ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਤਾਂ ਨਸ਼ਿਆਂ 'ਤੇ ਕਾਬੂ ਕੀਤਾ ਜਾ ਸਕਦਾ ਸੀ। ਪੁਲਸ ਤੇ ਸਿਵਲ ਪ੍ਰਸ਼ਾਸਨ ਸਰਕਾਰ ਦੇ ਨੁਮਾਇੰਦਿਆਂ ਨੂੰ ਬਿਨਾਂ ਵਜ੍ਹਾ ਤਰਜੀਹ ਦੇ ਕੇ ਬਲਦੀ ਅੱਗ 'ਤੇ ਤੇਲ ਪਾਉਣ ਦਾ ਕੰਮ ਨਾ ਕਰੇ।ਅਰਸ਼ੀ ਨੇ ਕਿਹਾ ਕਿ ਪੰਜਾਬ ਪੁਲਸ ਮੁਖੀ ਸੂਬੇ ਵਿਚ ਨਸ਼ੇ ਤੇ ਲਾਅ ਐਂਡ ਆਰਡਰ ਦੀ ਨਾਜ਼ੁਕ ਸਥਿਤੀ ਦੀ ਜ਼ਿੰਮੇਵਾਰੀ ਲੈਂਦਿਆਂ ਅਸਤੀਫਾ ਦੇਣ ਕਮਿਊਨਿਸਟ ਆਗੂ ਨੇ ਸਮੂਹ ਸੰਘਰਸ਼ੀ ਲੋਕਾਂ ਨੂੰ ਪੁਰਅਮਨ ਤਰੀਕੇ ਨਾਲ ਅੰਦੋਲਨ ਲੜਨ ਦੀ ਅਪੀਲ ਕੀਤੀ। ਇਸ ਮੌਕੇ ਕ੍ਰਿਸ਼ਨ ਸਿੰਘ ਚੌਹਾਨ, ਰੂਪ ਸਿੰਘ ਢਿੱਲੋਂ, ਗੁਰਮੀਤ ਸਿੰਘ ਜੋਗਾ, ਰਤਨ ਭੋਲਾ ਆਦਿ ਲੀਡਰਸ਼ਿਪ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਤੇ ਆਗੂਆਂ ਨੇ ਸ਼ਮੂਲੀਅਤ ਕੀਤੀ।

## ਪੰਜਾਬ ਦੇ ਚਿੱਟੇ ਛੋਲੇ ਤੇ ਰਾਜਮਾਂਹ ਪਹੁੰਚੇ ਗਲੋਬਲ ਮਾਰਕੀਟ 'ਚ

### ਮਾਨ ਵੱਲੋਂ ਪੈਰਿਸ 'ਚ ਸੋਹਣਾ ਦੇ ਨਵੇਂ ਉਤਪਾਦ ਲਾਂਚ



**ਚੰਡੀਗੜ੍ਹ (ਗੁਰਜੀਤ ਬਿੱਲਾ)**
ਪੰਜਾਬ ਦੇ ਖੇਤੀਬਾੜੀ ਖੇਤਰ ਦਾ ਵਿਸ਼ਵ ਪੱਧਰ 'ਤੇ ਵਿਸਥਾਰ ਕਰਨ ਅਤੇ ਬਰਾਮਦ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੇ ਯਤਨਾਂ ਦੇ ਹਿੱਸੇ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਨੀਆ ਦੀਆਂ ਪ੍ਰਮੁੱਖ ਅੰਤਰਰਾਸ਼ਟਰੀ ਖੁਰਾਕੀ ਵਸਤਾਂ ਦੀਆਂ ਪ੍ਰਦਰਸ਼ਨੀਆਂ ਵਿੱਚੋਂ ਇੱਕ 'ਐੱਸ ਆਈ ਏ ਐੱਲ ਪੈਰਿਸ 2026' (ਸੈਲੋ ਇੰਟਰਨੈਸ਼ਨਲ ਦੇ ਲ'ਅਲੀਮੈਂਟੇਸ਼ਨ) ਵਿਖੇ ਮਾਰਕਫੈੱਡ (ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਐਂਡ ਮਾਰਕੀਟਿੰਗ ਫੈਡਰੇਸ਼ਨ ਲਿਮਟਿਡ) ਦੇ ਪ੍ਰਮੁੱਖ ਬ੍ਰਾਂਡ 'ਸੋਹਣਾ' ਅਧੀਨ ਦੋ ਨਵੇਂ ਉਤਪਾਦ—'ਕੈਨਡ ਚਿੱਟੇ ਛੋਲੇ' ਅਤੇ 'ਕੈਨਡ ਰਾਜਮਾਂਹ' ਲਾਂਚ ਕੀਤੇ।

ਪੈਰਿਸ ਗਏ ਇੱਕ ਉੱਚ-ਪੱਧਰੀ ਵਫ਼ਦ ਦੀ ਅਗਵਾਈ ਕਰਦਿਆਂ ਮੁੱਖ ਮੰਤਰੀ ਨੇ ਇੰਡੀਆ ਪੈਵੇਲੀਅਨ ਦਾ ਦੌਰਾ ਕੀਤਾ ਅਤੇ ਮਾਰਕਫੈੱਡ ਦੇ ਪ੍ਰਦਰਸ਼ਨੀ ਸਟਾਲ ਦਾ ਉਦਘਾਟਨ ਕੀਤਾ, ਜਿੱਥੇ ਪੰਜਾਬ ਦੇ ਖੇਤੀਬਾੜੀ ਵਿਰਸੇ, ਫੂਡ ਪ੍ਰੋਸੈਸਿੰਗ ਸਮਰੱਥਾਵਾਂ ਅਤੇ ਉੱਚ ਗੁਣਵੱਤਾ ਵਾਲੇ ਉਤਪਾਦਾਂ ਦੇ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਸਪਲਾਇਰ ਵਜੋਂ ਉਭਰਨ ਦੀਆਂ ਸੰਭਾਵਨਾਵਾਂ ਨੂੰ ਦਰਸਾਇਆ ਗਿਆ।

ਇਨ੍ਹਾਂ ਦੋ ਨਵੇਂ ਉਤਪਾਦਾਂ ਦੀ ਲਾਂਚਿੰਗ ਮਾਰਕਫੈੱਡ ਦੇ ਤਿਆਰ-ਬਰ-ਤਿਆਰ ਡੱਬਾਬੰਦ ਖੁਰਾਕੀ

• ਬਾਕੀ ਸਫਾ 2 'ਤੇ

## ਮਾਵਾਂ ਦੇ ਦਰਦ ਨੇ ਝੰਜੋੜਿਆ...



**ਮਾਨਸਾ (ਆਤਮਾ ਸਿੰਘ ਪਮਾਰ)**
ਪਰਵਿੰਦਰ ਸਿੰਘ ਝੋਟਾ ਦੇ ਕਤਲ ਖ਼ਿਲਾਫ਼ ਚੱਲ ਰਹੇ ਸੰਘਰਸ਼ ਦੇ ਛੇਵੇਂ ਦਿਨ ਐਤਵਾਰ ਧਰਨੇ ਦੌਰਾਨ ਉਸ ਵੇਲੇ ਮਾਹੌਲ ਬੇਹੱਦ ਭਾਵੁਕ ਹੋ ਗਿਆ, ਜਦੋਂ ਨਸ਼ਿਆਂ ਕਾਰਨ ਆਪਣੀਆਂ ਧੀਆਂ-ਪੁੱਤ ਗੁਆ ਚੁੱਕੀਆਂ ਮਾਵਾਂ ਨੇ ਦਾਸਤਾਨ ਸਾਂਝੀ ਕੀਤੀ। ਇਨ੍ਹਾਂ ਮਾਵਾਂ ਨੇ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਨਸ਼ਿਆਂ ਵਿਰੁੱਧ ਵਿੱਢੀ ਲੜਾਈ ਨੂੰ ਹੋਰ ਤੇਜ਼ ਕਰਨ ਦੀ ਦੁਹਾਈ ਵੀ ਦਿੱਤੀ। 2019 'ਚ ਗੋਲੀਆਂ ਮਾਰ ਕੇ ਕਤਲ ਕੀਤੀ ਗਈ ਡਰੱਗ ਇੰਸਪੈਕਟਰ ਡਾ. ਨੇਹਾ ਸ਼ੋਰੀ ਦੀ ਮਾਤਾ ਅਰੁਣ ਸ਼ੋਰੀ ਨੇ ਆਪਣੀ ਧੀ ਦੇ ਕਤਲ ਦੀ ਦਰਦਨਾਕ ਘਟਨਾ ਦਾ ਵਰਣਨ ਕੀਤਾ। ਉਨ੍ਹਾ ਵੱਲੋਂ ਸਾਂਝੇ ਕੀਤੇ ਦੁੱਖ ਨੇ ਨਸ਼ਿਆਂ ਦੀ ਗੈਰਕਾਨੂੰਨੀ ਵਿਕਰੀ ਵਿਰੁੱਧ ਆਪਣਾ ਫ਼ਰਜ਼ ਨਿਭਾਉਣ ਵਾਲਿਆਂ ਦੀ ਸੁਰੱਖਿਆ ਦਾ ਸਵਾਲ ਮੁੜ ਸਰਕਾਰਾਂ ਅਤੇ ਪ੍ਰਸ਼ਾਸਨ ਦੇ ਸਾਹਮਣੇ ਉਭਾਰ ਕੇ ਰੱਖ ਦਿੱਤਾ।

ਡਾ. ਨੇਹਾ ਸ਼ੋਰੀ ਦੀ 29 ਮਾਰਚ 2019 ਨੂੰ ਖਰੜ ਸਥਿਤ ਉਸ ਦੇ ਦਫ਼ਤਰ 'ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਨੇ ਡਰੱਗ ਇੰਸਪੈਕਟਰ ਵਜੋਂ ਨਸ਼ੀਲੀਆਂ ਦਵਾਈਆਂ ਦੀ ਗੈਰਕਾਨੂੰਨੀ ਵਿਕਰੀ ਵਿਰੁੱਧ ਕਾਰਵਾਈ ਕੀਤੀ ਸੀ। ਪੁਲਸ ਨੇ ਇਸੇ

• ਬਾਕੀ ਸਫਾ 2 'ਤੇ

### ਨੀਰੂ ਨੇ 'ਥਾਪੀ' ਦੀ ਸਕ੍ਰੀਨਿੰਗ ਰੋਕੀ

**ਚੰਡੀਗੜ੍ਹ** : ਪੰਜਾਬੀ ਅਦਾਕਾਰਾ ਨੀਰੂ ਬਾਜਵਾ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਉਹ ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟੇ ਦੇ ਕਤਲ ਨੂੰ ਲੈ ਕੇ ਚੱਲ ਰਹੇ ਰੋਸ ਦੇ ਮੱਦੇਨਜ਼ਰ ਆਪਣੀ ਫ਼ਿਲਮ 'ਥਾਪੀ' ਦੀ ਸਕ੍ਰੀਨਿੰਗ ਰੋਕ ਰਹੇ ਹਨ। ਫੇਸਬੁੱਕ 'ਤੇ ਪੰਜਾਬੀ ਵਿੱਚ ਪੋਸਟ ਕੀਤੇ ਇੱਕ ਸੰਦੇਸ਼ ਵਿੱਚ ਉਨ੍ਹਾ ਕਿਹਾ ਕਿ 16 ਅਕਤੂਬਰ ਨੂੰ ਦੁਨੀਆ ਭਰ ਵਿੱਚ ਰਿਲੀਜ਼ ਹੋਈ ਇਹ ਫ਼ਿਲਮ ਸੋਮਵਾਰ ਤੋਂ ਸਿਨੇਮਾ ਘਰਾਂ ਵਿੱਚ ਨਹੀਂ ਦਿਖਾਈ ਜਾਵੇਗੀ। ਉਨ੍ਹਾ ਲਿਖਿਆ, "ਅੱਜ ਅਸੀਂ ਜੋ ਕੁਝ ਵੀ ਹਾਂ, ਉਹ ਪੰਜਾਬ ਅਤੇ ਪੰਜਾਬੀਅਤ ਦੀ ਬਦੌਲਤ ਹਾਂ। 'ਥਾਪੀ' ਬਣਾਉਣ ਦਾ ਮਕਸਦ ਵੀ ਪੰਜਾਬ ਦੇ ਖੇਤਾਂ ਵਿੱਚ ਮੁੜ ਜਾਨ ਪਾਉਣਾ ਸੀ। ਸਿਨੇਮਾ ਲੋਕਾਂ ਲਈ ਹੈ ਅਤੇ ਕਦੇ ਵੀ ਉਨ੍ਹਾਂ ਤੋਂ ਵੱਡਾ ਨਹੀਂ ਹੋ ਸਕਦਾ।"

## ਲੋਕਾਂ ਦਾ ਸਿਸਟਮ 'ਚ ਵਿਸ਼ਵਾਸ ਬਣਿਆ ਰਹਿਣਾ ਚਾਹੀਦੈ : ਪਾਇਲਟ



**ਸ਼ਾਹਕੋਟ (ਗਿਆਨ ਸੈਦਪੁਰੀ)**
ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਇਹ ਜਮਹੂਰੀਅਤ ਦੇ ਵਰਤਾਰੇ ਦਾ ਹਿੱਸਾ ਹੈ, ਪਰ ਸਵਾਲ ਲੋਕਾਂ ਦੇ ਵਿਸ਼ਵਾਸ ਦਾ ਹੈ।ਸਿਆਸੀ ਤੇ ਸਮਾਜਿਕ ਸਿਸਟਮ ਵਿੱਚ ਲੋਕਾਂ ਦਾ ਵਿਸ਼ਵਾਸ ਬਣਿਆ ਰਹਿਣਾ ਚਾਹੀਦਾ ਹੈ।ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਨੇ ਕੀਤਾ।ਉਹ ਪੰਜਾਬ ਕਾਂਗਰਸ ਦੀ ਆਹਲਾ ਲੀਡਰਸ਼ਿਪ ਨੂੰ ਨਾਲ ਲੈ ਕੇ ਐਤਵਾਰ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਪਿੰਡ ਨੰਗਲ ਅੰਬੀਆਂ ਖੁਰਦ ਵਿੱਚ ਬੁੱਤ ਨੂੰ ਫੁੱਲਾਂ ਦੇ ਹਾਰ ਪਾ ਕੇ ਸ਼ਰਧਾਂਜਲੀ ਦੇਣ ਉਪਰੰਤ ਸੰਬੋਧਨ ਕਰ ਰਹੇ ਸਨ।ਉਨ੍ਹਾ ਕਿਹਾ ਕਿ ਪੰਜਾਬ ਵਿੱਚ ਪਿਛਲੇ ਸਮੇਂ ਤੋਂ ਮਾਪਿਆਂ ਦੇ ਪੁੱਤਰ ਤੇ ਬੱਚਿਆਂ ਦੇ ਬਾਪ ਗੋਲੀਆਂ ਦਾ ਸ਼ਿਕਾਰ ਹੋ ਕੇ ਜਹਾਨੋਂ

• ਬਾਕੀ ਸਫਾ 2 'ਤੇ

### ਕੈਨੇਡਾ 'ਚ ਫ਼ੌਜੀ ਅੱਡੇ 'ਤੇ ਅੱਗ ਕਾਰਨ 7 ਮੌਤਾਂ, ਕਈ ਜ਼ਖ਼ਮੀ

**ਵੈਨਕੂਵਰ** : ਅਲਬਰਟਾ ਸੂਬੇ ਦੀ ਰਾਜਧਾਨੀ ਐਡਮਿੰਟਨ ਤੋਂ 200 ਕਿਲੋਮੀਟਰ ਦੂਰ ਵੇਨਰਾਈਟ ਸ਼ਹਿਰ ਦੀ ਹਦੂਦ ਵਿੱਚ ਕੈਨੇਡਾ ਦੇ ਵੱਡੇ ਫੌਜੀ ਸਿਖਲਾਈ ਅੱਡੇ 'ਚ ਵੱਡੇ ਧਮਾਕੇ ਕਾਰਨ ਸੱਤ ਵਿਅਕਤੀਆਂ ਦੀ ਮੌਤ ਹੋ ਗਈ ਤੇ ਤਿੰਨ ਦਰਜਨ ਤੋਂ ਵੱਧ ਜ਼ਖ਼ਮੀ ਹੋ ਗਏ।

ਅਲਬਰਟਾ ਵਿੱਚ ਵੱਖਵਾਦੀਆਂ ਦੀ ਮੰਗ ਉੱਤੇ ਐਤਵਾਰ ਹੀ ਲੋਕ ਰਾਇ ਇਕੱਤਰ ਕਰਨ ਲਈ ਵੋਟਾਂ ਪਵਾਈਆਂ ਗਈਆਂ ਹਨ, ਜਿਸ ਵਿੱਚ ਸਵਾਲ ਪੁੱਛੇ ਗਏ ਕਿ ਉਹ ਕੈਨੇਡਾ ਨਾਲ ਰਹਿਣਾ ਪਸੰਦ ਕਰਦੇ ਹਨ ਜਾਂ ਵੱਖਰੀ ਹੋਂਦ ਸਥਾਪਤ ਕਰਨ ਦੇ ਇਛੁੱਕ ਹਨ। ਇਸ ਦੇ ਨਤੀਜੇ ਆਉਣ ਨੂੰ 48 ਘੰਟੇ ਲੱਗ ਸਕਦੇ ਹਨ।

### ਅੱਜ-ਨਾਮਾ

ਸੁਣਦੀ ਵਿਕਦੀ ਵਿਰਾਸਤ ਵਿਦੇਸ਼ ਅੰਦਰ,
ਜਾਗੀ ਪੰਜਾਬ ਨਾ ਕੇਂਦਰ ਸਰਕਾਰ ਮੀਆਂ।
ਹਰ ਇੱਕ ਚੀਜ਼ ਜੇ ਦਰਜ ਹੈ ਖਾਤਿਆਂ'ਚ,
ਲੰਘਾ'ਤੀ ਨਾਕਿਆਂ ਨੂੰ ਕਿੱਦਾਂ ਪਾਰ ਮੀਆਂ।
ਤਸਕਰੀ ਕਰਤਿਆਂ ਦਾ ਏਨਾ ਜਾਲ ਡਾਢਾ,
ਕਿਤੇ ਵੀ ਕਰ ਸਕਦੇ ਸ਼ੋਹਦੇ ਮਾਰ ਮੀਆਂ।
ਚੋਰੀ ਪੰਜਾਬ ਤੋਂ ਗਿਆ ਸੀ ਮਾਲ ਜਿਹੜਾ,
ਗਿਆ ਪਹੁੰਚ ਉਹ ਲੰਡਨ ਬਾਜ਼ਾਰ ਮੀਆਂ।
ਪਹਿਲੀ ਵਾਰ ਪਰ ਚੋਰੀ ਨਹੀਂ ਹੋਈ ਨੰਗੀ,
ਮੁੜ-ਮੁੜ ਪੈਂਦੀ ਹੈ ਏਦਾਂ ਦੀ ਖੱਪ ਮੀਆਂ।
ਚੱਲਦੀ ਚਰਚਾ, ਪੜਤਾਲ ਦੇ ਹੁਕਮ ਹੁੰਦੇ,
ਹਮੇਸ਼ਾ ਹੁੰਦੀ ਤੇ ਫਾਈਲ ਆ ਠੱਪ ਮੀਆਂ।

-ਤੀਸ ਮਾਰ ਖਾਂ

## 'ਮੇਲਾ ਗਦਰੀ ਬਾਬਿਆਂ ਦਾ' ਦੇ ਪ੍ਰੋਗਰਾਮਾਂ ਨੂੰ ਅੰਤਮ ਛੋਹਾਂ

### ਪ੍ਰੰਜੌਏ ਗੁਹਾ ਠਾਕੁਰਤਾ ਤੇ ਡਾ. ਨਵਸ਼ਰਨ ਕਰਨਗੇ ਸੰਬੋਧਨ



**ਜਲੰਧਰ (ਕੇਸਰ)**-30 ਅਕਤੂਬਰ 2 ਵਜੇ ਸ਼ਮ੍ਹਾ ਰੌਸ਼ਨ ਕਰਕੇ ਚਿੱਤਰਕਲਾ, ਫੋਟੋ ਕਲਾ, ਪੁਸਤਕ ਪ੍ਰਦਰਸ਼ਨੀ ਦਾ ਉਦਘਾਟਨ ਕਰਦੇ ਹੋਏ ਅਤੇ ਵਿਛੜੇ ਸਾਥੀਆਂ ਨੂੰ 'ਉਹਨਾਂ ਮਿੱਤਰਾਂ ਦੀ ਯਾਦ ਪਿਆਰੀ...' ਬੋਲਾਂ ਨਾਲ ਸਿਜਦਾ ਕਰਦੇ ਹੋਏ ਪਹਿਲੀ ਨਵੰਬਰ ਸਾਰਾ ਦਿਨ, ਸਾਰੀ ਰਾਤ ਚੱਲਣ ਵਾਲਾ 'ਮੇਲਾ ਗ਼ਦਰੀ ਬਾਬਿਆਂ ਦਾ' ਮੁਲਕ ਦੇ ਭਖ਼ਦੇ ਸੁਆਲਾਂ ਨੂੰ ਵਿਚਾਰ-ਚਰਚਾ ਅਤੇ ਕਲਾ ਕਿਰਤਾਂ ਦੇ ਮਾਧਿਅਮ ਰਾਹੀਂ ਮੁਖ਼ਾਤਬ ਹੋਏਗਾ। ਐਤਵਾਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਅਤੇ ਮੇਲੇ 'ਚ ਪੇਸ਼ ਕਲਾ ਕਿਰਤਾਂ ਅਤੇ ਪ੍ਰਬੰਧਾਂ ਨਾਲ ਜੁੜੀਆਂ ਕਮੇਟੀਆਂ ਦੇ ਕਨਵੀਨਰਾਂ ਦੀ ਮੀਟਿੰਗ 'ਚ ਕੁਝ ਅਹਿਮ ਫੈਸਲਿਆਂ ਨੂੰ ਅੰਤਮ ਛੋਹਾਂ ਦਿੰਦੇ ਹੋਏ ਫੈਸਲਾ ਕੀਤਾ ਗਿਆ ਕਿ 31 ਅਕਤੂਬਰ ਕੁਇਜ਼, ਪੇਂਟਿੰਗ ਮੁਕਾਬਲਾ, ਤਰਕਸ਼ੀਲ ਕਲਾ ਵੰਨਗੀਆਂ ਤੋਂ ਇਲਾਵਾ ਪ੍ਰੰਜੌਏ ਗੁਹਾ ਠਾਕੁਰਤਾ ਵਿਚਾਰ-ਚਰਚਾ ਦੇ ਮੁੱਖ ਬੁਲਾਰੇ ਹੋਣਗੇ। ਪਹਿਲੀ ਨਵੰਬਰ ਸਵੇਰੇ 10 ਵਜੇ ਕਮੇਟੀ ਮੈਂਬਰ ਦਰਸ਼ਨ ਖਟਕੜ ਵੱਲੋਂ ਝੰਡਾ ਲਹਿਰਾਉਣ ਅਤੇ ਸੰਬੋਧਨ ਕਰਨ ਉਪਰੰਤ ਅਮੋਲਕ ਸਿੰਘ ਦੀ ਰਚਨਾ ਅਤੇ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ ਸੰਗੀਤ ਨਾਟ ਓਪਰਾ : ਝੰਡੇ ਦਾ ਗੀਤ 'ਸਮੇਂ ਦੇ ਹਾਣੀ' ਹੋਏਗਾ। ਇਸ ਉਪਰੰਤ ਬੱਬਰ ਅਕਾਲੀ ਲਹਿਰ ਦਾ ਪ੍ਰਸੰਗ : ਹੱਲੇ ਦਾ ਦੀਵਾਨ ਪੇਸ਼ ਕਰਨਗੇ ਭੈਣੀ ਸਾਹਿਬ ਤੋਂ ਜਥੇਦਾਰ ਗੁਰਲਾਲ ਸਿੰਘ ਅਤੇ ਸਾਥੀ। ਸੰਗੀਤ ਦਾ ਰੰਗ ਭਰਨਗੇ ਮੰਚ ਰੰਗ ਮੰਚ ਅੰਮ੍ਰਿਤਸਰ ਨਾਲ ਜੁੜੇ ਗਾਇਕ ਕਲਾਕਾਰ ਕੁਸ਼ਾਗਰ ਕਾਲੀਆ। ਚੰਡੀਗੜ੍ਹ ਸਕੂਲ ਆਫ਼ ਡਰਾਮਾ (ਏਕਤਰ) ਨਾਟਕ ਖੇਡਣਗੇ। ਪਹਿਲੀ ਨਵੰਬਰ ਮੇਲੇ 'ਚ ਡਾ. ਨਵਸ਼ਰਨ ਮੁਲਕ ਨੂੰ ਦਰਪੇਸ਼ ਤਿੱਖੀਆਂ ਵੰਗਾਰਾਂ ਬਾਰੇ ਮੁੱਖ ਭਾਸ਼ਣ ਦੇਣਗੇ। ਪਹਿਲੀ ਨਵੰਬਰ ਦੀ ਸ਼ਾਮ ਇਪਟਾ ਦੇ ਕਲਾਕਾਰ ਅਵਤਾਰ ਚੜਿੱਕ ਅਤੇ ਸਾਥੀ ਭੰਡਾਂ ਦੀ ਕਲਾ ਕਿਰਤ ਨਾਲ ਵਿਅੰਗ ਕੱਸਣਗੇ। ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਲੋਕ ਸੰਗੀਤ ਮੰਡਲੀ ਜੀਦਾ (ਜਗਸੀਰ ਜੀਦਾ), ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਸਾਰ੍ਹਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਮਾਨਵਤਾ ਕਲਾ ਮੰਚ ਨਗਰ ਦੀ ਕਲਾਕਾਰ ਨਰਗਿਸ, ਗੁਰਮੁਖ ਸਿੰਘ ਫਗਵਾੜਾ, ਜੋਗਿੰਦਰਪਾਲ ਖਟਕੜ ਕਲਾਂ, ਅੰਮ੍ਰਿਤਪਾਲ ਬੰਗੇ, ਅਜਮੇਰ ਅਕਲੀਆ, ਹਰਦੀਪ ਕੋਟ ਗੁਰੂ ਅਤੇ ਹੋਰ ਗਾਇਕ ਕਲਾਕਾਰ ਗੀਤ-ਸੰਗੀਤ ਪੇਸ਼ ਕਰਨਗੇ।

ਨਾਟਕਾਂ ਭਰੀ ਰਾਤ ਦਾ ਆਗਾਜ਼ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਨੂੰ ਸਮਰਪਤ ਗੁਰਸ਼ਰਨ ਭਾਅ ਜੀ ਦੇ ਨਾਟਕ 'ਸੀਸ ਤਲੀ 'ਤੇ' ਕਰਾਂਤੀਪਾਲ ਦੀ ਨਿਰਦੇਸ਼ਨਾ 'ਚ ਨਵਚਿੰਤਨ ਕਲਾ ਮੰਚ ਬਿਆਸ ਕਰੇਗਾ। ਕਮਲਾ ਨਹਿਰੂ ਕਾਲਜ ਵੂਮੈਨ ਫਗਵਾੜਾ ਦੀਆਂ ਲੜਕੀਆਂ ਸਫ਼ਦਰ ਹਾਸ਼ਮੀ ਦਾ ਨਾਟਕ 'ਔਰਤ' ਖੇਡ ਕੇ ਕੁੜੀਆਂ ਵੱਲੋਂ ਚੱਲ ਰਹੇ ਅੰਦੋਲਨ ਨੂੰ ਸਲਾਮ ਕਰਨਗੀਆਂ।

• ਬਾਕੀ ਸਫਾ 2 'ਤੇ

## ਹਾਕੀ ਏਸ਼ੀਅਨ ਚੈਂਪੀਅਨਸ਼ਿਪ ਦਾ ਟਰਾਫ਼ੀ ਟੂਰ ਸ਼ੁਰੂ



**ਮੁਹਾਲੀ (ਗੁਰਜੀਤ ਬਿੱਲਾ)**
ਪੰਜਾਬ ਦੀ ਧਰਤੀ ਉਤੇ ਪਹਿਲੀ ਵਾਰ ਹੋ ਰਹੀ ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫ਼ੀ-2026 ਦਾ ਟਰਾਫ਼ੀ ਟੂਰ ਐਤਵਾਰ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਅੰਤਰਰਾਸ਼ਟਰੀ ਹਾਕੀ ਸਟੇਡੀਅਮ, ਫੇਜ਼-10, ਮੁਹਾਲੀ ਤੋਂ ਸ਼ੁਰੂ ਹੋਇਆ। ਇਸ ਮੌਕੇ ਵਿਧਾਇਕ ਡੇਰਾਬੱਸੀ ਕੁਲਜੀਤ ਸਿੰਘ ਰੰਧਾਵਾ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਸਾਬਕਾ ਭਾਰਤੀ ਹਾਕੀ ਕਪਤਾਨ ਅਤੇ ਅਰਜੁਨ ਐਵਾਰਡੀ ਰਾਜਪਾਲ ਸਿੰਘ ਹੁੰਦਲ ਅਤੇ ਉਲੰਪੀਅਨ ਤੇ ਅਰਜੁਨ ਐਵਾਰਡੀ ਪ੍ਰਭਜੋਤ ਸਿੰਘ ਮੌਜੂਦ ਸਨ।ਇਸ ਟਰਾਫ਼ੀ ਟੂਰ ਦਾ ਮਕਸਦ ਟੂਰਨਾਮੈਂਟ ਪ੍ਰਤੀ ਖੇਡ ਪ੍ਰੇਮੀਆਂ ਵਿੱਚ ਉਤਸ਼ਾਹ ਪੈਦਾ ਕਰਨਾ ਅਤੇ ਨੌਜਵਾਨਾਂ ਨੂੰ ਹਾਕੀ ਨਾਲ ਜੁੜਨ ਲਈ ਪ੍ਰੇਰਿਤ ਕਰਨਾ ਹੈ।ਪਹਿਲੇ ਦਿਨ ਟਰਾਫ਼ੀ ਟੂਰ ਫਤਿਹਗੜ੍ਹ ਸਾਹਿਬ ਰਾਹੀਂ ਪਟਿਆਲਾ ਪਹੁੰਚੇਗਾ, ਜਿੱਥੇ ਰਾਤ ਦਾ ਠਹਿਰਾਅ ਹੋਵੇਗਾ।19 ਅਕਤੂਬਰ ਨੂੰ ਟਰਾਫ਼ੀ ਸਵੇਰੇ 8 ਵਜੇ ਮਲੇਰਕੋਟਲਾ, ਦੁਪਹਿਰ 12 ਵਜੇ ਬਰਨਾਲਾ ਅਤੇ ਸ਼ਾਮ 5 ਵਜੇ ਸੰਗਰੂਰ ਪਹੁੰਚੇਗੀ, ਜਿੱਥੇ ਰਾਤ ਦਾ ਠਹਿਰਾਅ ਹੋਵੇਗਾ।ਸੂਬੇ ਭਰ ਦਾ ਇਹ ਟੂਰ 26 ਅਕਤੂਬਰ ਨੂੰ ਜਲੰਧਰ ਵਿਖੇ ਸਮਾਪਤ ਹੋਵੇਗਾ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਪੰਜਾਬ ਵਿੱਚ ਕਰਵਾਉਣ ਲਈ ਕੀਤੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸੂਬੇ ਦੇ ਹਾਕੀ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਲਈ ਮਾਣ ਵਾਲੀ ਗੱਲ ਹੈ। ਰਾਜਪਾਲ ਸਿੰਘ ਹੁੰਦਲ ਤੇ ਉਲੰਪੀਅਨ ਪ੍ਰਭਜੋਤ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਦੁਨੀਆ ਦੀਆਂ ਨਾਮਵਰ ਹਾਕੀ ਟੀਮਾਂ ਦੇ ਮੁਕਾਬਲੇ ਕਰਵਾਏ ਜਾਣਾ ਮਾਣ ਵਾਲੀ ਗੱਲ ਹੈ।

# ਭਾਜਪਾ ਦਾ ਬਦਲਿਆ ਸਟੈਂਡ

*ਪਿਛਲੇ ਦਿਨੀਂ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ ਆਈ ਆਰ) ਰਾਹੀਂ ਵੋਟਰ ਸੂਚੀਆਂ ਵਿੱਚ ਹੇਰਾਫੇਰੀ ਵਿਰੁੱਧ ਵਿਰੋਧ ਪ੍ਰਦਰਸ਼ਨ 'ਸ਼ਾਸਨ (ਰਿਜੀਮ) ਤਬਦੀਲੀ ਲਈ ਇੱਕ ਅਸਲ ਲੜਾਈ' ਬਣ ਗਏ ਹਨ ਅਤੇ ਇਹ ਨਾਗਰਿਕਾਂ ਦਾ ਇੱਕ ਲੋਕਤੰਤਰੀ ਅਧਿਕਾਰ ਹੈ। ਇਸ ਤੋਂ ਬਾਅਦ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਭਾਜਪਾ ਪ੍ਰਧਾਨ ਨਿਤਿਨ ਨਬੀਨ ਵਰਗੇ ਸੀਨੀਅਰ ਭਾਜਪਾ ਆਗੂਆਂ ਨੇ ਦੋਸ਼ ਲਾਇਆ ਕਿ ਇਸ ਨਾਲ ਵਿਰੋਧੀ ਧਿਰ ਦੇ ਸੜਕਾਂ 'ਤੇ ਹਫੜਾ-ਦਫੜੀ ਪੈਦਾ ਕਰਨ, ਵਿਦੇਸ਼ੀ ਤਾਕਤਾਂ ਨਾਲ ਮਿਲੀਭੁਗਤ ਜਾਂ ਬੰਗਲਾਦੇਸ਼ ਵਰਗੀ ਹਫੜਾ-ਦਫੜੀ ਪੈਦਾ ਕਰਕੇ ਸੱਤਾ 'ਤੇ ਕਬਜ਼ਾ ਕਰਨ ਦੀ ਸਾਜ਼ਿਸ਼ ਦੇ ਏਜੰਡੇ ਦਾ ਪਰਦਾ ਫਾਸ਼ ਹੋਇਆ ਹੈ।*

*ਭਾਜਪਾ ਪ੍ਰਧਾਨ ਨਿਤਿਨ ਨਬੀਨ ਦਾ ਇਹ ਦਾਅਵਾ ਕਿ 'ਸ਼ਾਸਨ ਤਬਦੀਲੀ' ਦਾ ਜ਼ਿਕਰ ਭਾਰਤ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਨੂੰ ਦਰਸਾਉਂਦਾ ਹੈ, ਤਿੰਨ ਵੱਖ-ਵੱਖ ਹਸਤੀਆਂ ਨੂੰ ਜਾਣਬੁੱਝ ਕੇ ਮਿਲਾਉਣ ਦੇ ਬਰਾਬਰ ਹੈ : ਭਾਜਪਾ, ਕੇਂਦਰ ਸਰਕਾਰ ਅਤੇ ਰਾਸ਼ਟਰ। ਇਹ ਸਮਾਨਾਰਥੀ ਨਹੀਂ ਹਨ। ਸਰਕਾਰ ਸਿਰਫ ਵੋਟਰਾਂ ਵੱਲੋਂ ਚੁਣੀ ਗਈ ਇੱਕ ਅਸਥਾਈ ਪ੍ਰਸ਼ਾਸਕ ਹੈ, ਜਦੋਂ ਕਿ ਰਾਸ਼ਟਰ ਇੱਕ ਪ੍ਰਭੂਸੱਤਾ ਸੰਪੰਨ ਹਸਤੀ ਹੈ। ਭਾਜਪਾ ਨੂੰ ਸੱਤਾ ਤੋਂ ਹਟਾਉਣ ਦਾ ਸਿੱਧਾ ਮਤਲਬ ਹੈ ਕਿ ਭਾਰਤ 'ਤੇ ਰਾਜ ਕਰਨ ਵਾਲੀ ਪਾਰਟੀ ਨੂੰ ਬਦਲਣਾ। ਇਸ ਟੀਚੇ ਨੂੰ 'ਰਾਸ਼ਟਰ ਵਿਰੋਧੀ' ਕਹਿਣਾ ਮੋਦੀ ਅਤੇ ਭਾਜਪਾ ਨੂੰ ਦੇਸ਼ ਦੀ ਮਾਲਕੀ ਦੇਣ ਦੇ ਬਰਾਬਰ ਹੈ। ਭਾਜਪਾ ਦਾ ਤਰਕ ਮੂਲ ਰੂਪ ਵਿੱਚ ਇਹ ਹੈ ਕਿ ਇੱਕ ਵਾਰ ਜਦੋਂ ਕੋਈ ਪਾਰਟੀ ਚੋਣ ਜਿੱਤ ਜਾਂਦੀ ਹੈ, ਤਾਂ ਅਗਲੀਆਂ ਚੋਣਾਂ ਤੱਕ ਉਸ ਦਾ ਸ਼ਾਸਨ ਕਰਨ ਦਾ ਅਧਿਕਾਰ ਪੂਰਨ ਹੁੰਦਾ ਹੈ ਅਤੇ ਇਸ ਨੂੰ ਕਿਸੇ ਵੀ ਵਿਰੋਧੀ ਲਾਮਬੰਦੀ ਵੱਲੋਂ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਸੰਵਿਧਾਨ ਦੇ ਆਰਟੀਕਲ 75 (3) ਵਿੱਚ ਕਿਹਾ ਗਿਆ ਹੈ ਕਿ ਮੰਤਰੀ ਪ੍ਰੀਸ਼ਦ ਸਮੂਹਕ ਤੌਰ 'ਤੇ ਲੋਕ ਸਭਾ ਪ੍ਰਤੀ ਜ਼ਿੰਮੇਵਾਰ ਹੋਵੇਗੀ। ਸਰਕਾਰ ਦਾ ਚੱਲਦਾ ਰਹਿਣਾ ਲੋਕ ਸਭਾ ਵਿੱਚ ਬਹੁਮਤ ਦੇ ਸਮਰਥਨ 'ਤੇ ਨਿਰਭਰ ਕਰਦਾ ਹੈ, ਨਾ ਕਿ ਮੌਜੂਦਾ ਪ੍ਰਧਾਨ ਮੰਤਰੀ ਦੇ ਇਸ ਦਾਅਵੇ 'ਤੇ ਕਿ ਪਿਛਲੀਆਂ ਚੋਣਾਂ ਵਿੱਚ ਜਿੱਤ ਉਸ ਨੂੰ ਅਸਤੀਫੇ ਦੀ ਮੰਗ ਤੋਂ ਬਚਾਉਂਦੀ ਹੈ।*

*ਲੋਕਤੰਤਰੀ ਤਰੀਕਿਆਂ, ਜਿਵੇਂ ਕਿ ਚੋਣਾਂ, ਜਨ ਅੰਦੋਲਨ ਜਾਂ ਸੰਸਦ ਵਿੱਚ ਅਵਿਸ਼ਵਾਸ ਮਤੇ ਰਾਹੀਂ ਸੱਤਾ ਤਬਦੀਲੀ ਦੀ ਮੰਗ ਕਰਨਾ ਕੋਈ ਤਖਤਾ ਪਲਟਣਾ ਨਹੀਂ ਹੈ। ਭਾਰਤੀ ਸੰਵਿਧਾਨ ਦਾ ਆਰਟੀਕਲ 19 ਪ੍ਰਗਟਾਵੇ ਦੀ ਆਜ਼ਾਦੀ, ਸ਼ਾਂਤੀਪੂਰਨ ਇਕੱਠ ਅਤੇ ਸੰਗਠਨ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਇਹ ਅਧਿਕਾਰ ਚੋਣਾਂ ਦੇ ਵਿਚਕਾਰ ਵੀ ਲਾਗੂ ਹੁੰਦੇ ਹਨ, ਨਾ ਕਿ ਸਿਰਫ ਚੋਣ ਮੁਹਿੰਮਾਂ ਦੌਰਾਨ। ਚੋਣ ਫਤਵਾ—2014 ਦੀਆਂ ਵੋਟਾਂ ਦਾ ਸਿਰਫ 36 ਪ੍ਰਤੀਸ਼ਤ ਜਾਂ 23 ਕਰੋੜ ਵੋਟਾਂ ਅਤੇ 240 ਲੋਕ ਸਭਾ ਸੀਟਾਂ-ਭਾਜਪਾ ਨੂੰ ਸ਼ਾਸਨ ਕਰਨ ਦਾ ਅਧਿਕਾਰ ਦਿੰਦੇ ਹਨ, ਪਰ ਇਹ ਇਸ ਦੇ ਨੇਤਾਵਾਂ ਨੂੰ ਸਾਰੇ ਭਾਰਤੀਆਂ ਤੋਂ ਜਨਤਕ ਤੌਰ 'ਤੇ ਚੁੱਪ ਰਹਿਣ ਦੀ ਮੰਗ ਕਰਨ ਦਾ ਅਧਿਕਾਰ ਨਹੀਂ ਦਿੰਦੇ। ਇਨ੍ਹਾਂ ਮੰਗਾਂ ਦੇ ਅਧੀਨ ਸੰਵਿਧਾਨਕ ਅਧਿਕਾਰ ਇਸ ਗੱਲ 'ਤੇ ਨਿਰਭਰ ਨਹੀਂ ਕਰਦੇ ਕਿ ਕਿਹੜੀ ਪਾਰਟੀ ਸੱਤਾ ਵਿੱਚ ਹੈ। ਇਹੀ ਸਟੈਂਡ ਭਾਜਪਾ ਵੱਲੋਂ ਸੰਯੁਕਤ ਪ੍ਰਗਤੀਸ਼ੀਲ ਗੱਠਜੋੜ (ਯੂ ਪੀ ਏ) ਦੇ ਸ਼ਾਸਨ ਦੌਰਾਨ ਵਾਰ-ਵਾਰ ਪ੍ਰਗਟ ਕੀਤਾ ਗਿਆ ਸੀ। ਅਰੁਣ ਜੇਤਲੀ ਵਰਗੇ ਆਗੂਆਂ ਨੇ ਕਿਹਾ ਕਿ ਇੱਕ ਚੁਣੀ ਹੋਈ ਸਰਕਾਰ ਦਾ ਵਿਰੋਧ ਉਸ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਹੀ ਨਿਰੰਤਰ ਅੰਦੋਲਨ ਅਤੇ ਅਸਤੀਫੇ ਦੀ ਮੰਗ ਰਾਹੀਂ ਕੀਤਾ ਜਾ ਸਕਦਾ ਹੈ। ਸੀਨੀਅਰ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਵਾਰ-ਵਾਰ ਕਿਹਾ ਕਿ ਡਾ. ਮਨਮੋਹਨ ਸਿੰਘ ਦੀ ਅਯੋਗ ਜਾਂ ਭ੍ਰਿਸ਼ਟ ਸਰਕਾਰ ਨੂੰ ਸੱਤਾ ਤੋਂ ਹਟਾਉਣਾ ਹਰ ਨਾਗਰਿਕ ਅਤੇ ਸਿਆਸੀ ਪਾਰਟੀ ਦਾ ਦੇਸ਼ਭਗਤੀ ਦਾ ਫਰਜ਼ ਹੈ।*

*20 ਦਸੰਬਰ, 2013 ਨੂੰ ਵਾਰਾਨਸੀ ਵਿੱਚ ਇੱਕ ਰੈਲੀ ਦੌਰਾਨ ਮੋਦੀ ਨੇ ਖੁਦ ਕਿਹਾ ਸੀ ਕਿ 'ਦੇਸ਼ ਦੇ ਲੋਕ ਦਿੱਲੀ ਸਰਕਾਰ ਨੂੰ ਉਖਾੜਨਾ ਚਾਹੁੰਦੇ ਹਨ'। ਅਮਿਤ ਸ਼ਾਹ ਅਤੇ ਹੋਰ ਭਾਜਪਾ ਨੇਤਾਵਾਂ ਨੇ ਵੀ ਇਸ ਇਤਿਹਾਸ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਦੋਂ ਸੱਤਾ ਵਿੱਚ ਬੈਠੇ ਤਾਨਾਸ਼ਾਹ ਬਣ ਜਾਂਦੇ ਹਨ, ਲੋਕਾਂ ਕੋਲ ਉਨ੍ਹਾਂ ਨੂੰ ਉਖਾੜ ਸੁੱਟਣ ਦੀ ਸ਼ਕਤੀ ਹੁੰਦੀ ਹੈ, ਪਰ ਅੱਜ ਭਾਜਪਾ ਅੰਦੋਲਨ ਰਾਹੀਂ ਭਾਜਪਾ ਸਰਕਾਰ ਨੂੰ ਉਖਾੜਨ ਦੀ ਇੱਛਾ ਨੂੰ ਆਪਣੇ ਖਿਲਾਫ ਲੁਕਵੇਂ ਏਜੰਡੇ ਵਜੋਂ ਪੇਸ਼ ਕਰ ਰਹੀ ਹੈ।*

*ਬਣੇ ਮਾਹੌਲ ਵਿੱਚ ਮਸ਼ਹੂਰ ਹਿੰਦੀ ਕਵੀ ਰਾਮਧਾਰੀ ਸਿੰਘ ਦਿਨਕਰ ਦੀਆਂ ਇਨ੍ਹਾਂ ਸਤਰਾਂ ਦਾ ਹਵਾਲਾ ਦੇਣਾ ਕੁਥਾਂ ਨਹੀਂ ਹੋਵੇਗਾ : 'ਸਿੰਘਾਸਨ ਖਾਲੀ ਕਰੋ ਕਿ ਜਨਤਾ ਆਤੀ ਹੈ।'*

## ਲਕੀਰ ਕੁੱਟਣ ਵਾਲੇ !

*ਸਮਾਂ ਰਹਿੰਦਿਆਂ ਸੋਚ-ਵਿਚਾਰ ਕਰਨੀ,*
*ਐਸੀ 'ਅਕਲ' ਨੂੰ ਪਰ੍ਹੇ ਹੀ ਸੁੱਟਦੇ ਹਾਂ।*
*ਜਿਊਂਦੇ ਚੰਗੇ ਦੀ ਕਦਰ ਨਾ ਕਰੇ ਕੋਈ,*
*ਉਸ ਦੇ ਮਰੇ ਤੋਂ ਮਗਰੋਂ ਫਿਰ ਬੁੱਕਦੇ ਹਾਂ।*
*ਸੈਹਾ ਲੰਘੇ ਤੋਂ ਬਾਅਦ ਜਦ ਗਾਹ ਪੈਂਦਾ,*
*ਫੇਰ 'ਵਾੜ' ਬਣਾਉਣ ਲਈ ਜੁੱਟਦੇ ਹਾਂ।*
*ਕਿਸੇ ਮਸਲੇ 'ਤੇ ਹੋਣ ਜਦ 'ਕੱਠ ਕਿਧਰੇ,*
*ਖੁਦ ਦੇ ਲਈ ਮਸ਼ਹੂਰੀਆਂ ਲੁੱਟਦੇ ਹਾਂ।*
*ਵਧੀਆ ਲੱਗੇ ਜੋ 'ਤੱਤੀਆਂ' ਕਰੇ ਗੱਲਾਂ,*
*ਸਿਆਣੇ ਰਾਹਾਂ 'ਤੇ ਤੁਰਨ ਤੋਂ ਉੱਕਦੇ ਹਾਂ।*
*ਲੰਘੇ ਸੱਪ ਤੋਂ 'ਲਾਠੀਆਂ' ਕੱਢ ਲਈਏ,*
*ਪਿੱਛੇ ਰਹਿ ਗਈ ਲਕੀਰ ਨੂੰ ਕੁੱਟਦੇ ਹਾਂ।*

*-ਤਰਲੋਚਨ ਸਿੰਘ ਦੁਪਾਲਪੁਰ, 001-408-905-5517*

# ਇੱਕ-ਤੰਤਰ ਜਾਂ ਇੱਕੋ-ਇੱਕ ਤੰਤਰ 'ਚ ਬਦਲਿਆ ਜਾ ਰਿਹਾ ਭਾਰਤ

ਭਾਰਤੀ ਸੰਵਿਧਾਨ ਦੇਸ਼ ਦਾ ਸਰਵਉੱਚ ਕਾਨੂੰਨ ਹੈ, ਜੋ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨੀਂਹ ਰੱਖਦਾ ਹੈ, ਪਰ ਇੱਕ ਮਹੱਤਵਪੂਰਨ ਸਵਾਲ ਇਹ ਉਠਦਾ ਹੈ ਕਿ ਕਿੰਨੇ ਭਾਰਤੀ ਲੋਕਾਂ ਨੇ ਭਾਰਤੀ ਸੰਵਿਧਾਨ ਨੂੰ ਵਿਸਥਾਰ ਨਾਲ ਪੜ੍ਹਿਆ ਹੈ? ਕਿੰਨੇ ਅਜਿਹੇ ਨਾਗਰਿਕ ਹਨ, ਜਿਨ੍ਹਾਂ ਨੇ ਸੰਵਿਧਾਨ ਵਿੱਚ ਹੁਣ ਤੱਕ ਹੋਈਆਂ 106 ਤੋਂ ਵੱਧ ਸੋਧਾਂ ਨੂੰ ਬਾਰੀਕੀ ਨਾਲ ਵਾਚਿਆ ਜਾਂ ਪਰਖਿਆ ਹੈ? ਬਹੁਤੇ ਲੋਕਾਂ ਨੇ ਸ਼ਾਇਦ ਇਸ ਦੇ ਤਕਨੀਕੀ ਅਨੁਛੇਦਾਂ ਜਾਂ ਕਾਨੂੰਨੀ ਬਾਰੀਕੀਆਂ ਨੂੰ ਨਾ ਪੜ੍ਹਿਆ ਹੋਵੇ, ਪਰ ਫਿਰ ਵੀ ਉਹ ਸੰਵਿਧਾਨ ਨੂੰ ਇੱਕ ਪਵਿੱਤਰ ਧਰਮ ਗ੍ਰੰਥ ਵਾਂਗ ਮੰਨਦੇ ਹਨ। ਆਮ ਭਾਰਤੀ ਨਾਗਰਿਕ ਦੀ ਇਹ ਸਮਝ ਹੈ ਕਿ ਸੰਵਿਧਾਨ ਨਿਆਂਪੂਰਨ ਹੈ, ਧਰਮ ਨਿਰਪੱਖ ਹੈ ਅਤੇ ਇਹ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਇੱਕ ਅਦੁੱਤੀ ਅਧਿਕਾਰ ਪੱਤਰ ਹੈ। ਲੋਕ ਮੰਨਦੇ ਹਨ ਕਿ ਕੋਈ ਵੀ ਹਕੂਮਤ ਆਪਣੀ ਮਨਮਰਜ਼ੀ ਨਾਲ ਇਸ ਨੂੰ ਬਦਲਣ ਦੀ ਛੋਟ ਨਹੀਂ ਰੱਖਦੀ, ਕਿਉਂਕਿ ਇਹ ਸੰਵਿਧਾਨ ਹਰ ਨਾਗਰਿਕ ਨੂੰ ਆਪਣੀ ਬੋਲੀ, ਸੱਭਿਆਚਾਰ, ਧਰਮ ਅਤੇ ਵਿਚਾਰ ਪ੍ਰਗਟਾਵੇ ਦੀ ਪੂਰੀ ਆਜ਼ਾਦੀ ਦੀ ਗਰੰਟੀ ਦਿੰਦਾ ਹੈ। ਜਦੋਂ ਕਿਸੇ ਰਾਜਨੀਤਿਕ ਧਿਰ ਦਾ ਨੇਤਾ, ਜਿਵੇਂ ਅਯੋਧਿਆ ਦੇ ਇੱਕ ਭਾਜਪਾ ਨੇਤਾ ਦਾ ਬਿਆਨ ਸਾਹਮਣੇ ਆਉਂਦਾ ਹੈ ਕਿ ਭਾਰਤੀ ਸੰਵਿਧਾਨ ਬਦਲਣ ਲਈ ਲੋਕ ਸਭਾ ਵਿੱਚ 400 ਤੋਂ ਵੱਧ ਸੀਟਾਂ ਦੀ ਲੋੜ ਹੈ, ਤਾਂ ਇਸ ਦਾ ਸਿੱਧਾ ਅਰਥ ਇਹ ਕੱਢਿਆ ਜਾਂਦਾ ਹੈ ਕਿ ਭਾਜਪਾ ਅਤੇ ਉਸ ਦੀ ਵਿਚਾਰਧਾਰਕ ਪ੍ਰੇਰਕ ਆਰ.ਐੱਸ.ਐੱਸ. ਸੰਵਿਧਾਨ ਦੇ ਮੂਲ ਢਾਂਚੇ ਵਿੱਚ ਵੱਡੇ ਬਦਲਾਅ ਕਰਨ ਲਈ ਪੱਬਾਂ ਭਾਰ ਹਨ, ਪਰ ਦੇਸ਼ ਦੇ ਆਮ ਲੋਕ ਅਤੇ ਸੁਚੇਤ ਨਾਗਰਿਕ ਅਜਿਹੀ ਕਿਸੇ ਵੀ ਕੋਸ਼ਿਸ਼ ਨੂੰ ਆਸਾਨੀ ਨਾਲ ਪ੍ਰਵਾਨ ਨਹੀਂ ਕਰਦੇ। ਜਦੋਂ ਵੀ ਅਜਿਹੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ ਤਾਂ ਆਮ ਜਨਤਾ ਦੇ ਮੱਥੇ 'ਤੇ ਤਿਊੜੀਆਂ ਪੈ ਜਾਂਦੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਭਾਰਤ ਦੀ ਇੱਕ ਵੱਡੀ ਆਬਾਦੀ ਦੇਸ਼ ਨੂੰ ਕੇਵਲ ਹਿੰਦੂਤਵ-ਵਾਦੀ ਰਾਸ਼ਟਰਵਾਦ ਦੇ ਚੌਖਟੇ ਵਿੱਚ ਢਲਦਿਆਂ ਨਹੀਂ ਵੇਖਣਾ ਚਾਹੁੰਦੀ, ਬਲਕਿ ਉਹ ਇਸ ਦੀ ਵਿਭਿੰਨਤਾ ਅਤੇ ਧਰਮ ਨਿਰਪੱਖ ਸਰੂਪ ਨੂੰ ਕਾਇਮ ਰੱਖਣਾ ਚਾਹੁੰਦੀ ਹੈ। ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗੁਜਰਾਤ ਦੇ ਮੁੱਖ ਮੰਤਰੀ ਤੋਂ ਲੈ ਕੇ ਕੇਂਦਰ ਵਿੱਚ ਪ੍ਰਧਾਨ ਮੰਤਰੀ ਵਜੋਂ ਸੱਤਾ ਸੰਭਾਲਿਆਂ ਲੱਗਭੱਗ 25 ਸਾਲ ਦਾ ਸਮਾਂ ਹੋ ਚੁੱਕਾ ਹੈ। ਉਨ੍ਹਾਂ ਦੇ ਸਮਰਥਕ ਇਸ ਲੰਮੇ ਸ਼ਾਸਨਕਾਲ ਦਾ ਜਸ਼ਨ ਮਨਾ ਰਹੇ ਹਨ। ਇਹਨਾਂ ਬੀਤੇ ਸਾਲਾਂ ਦੌਰਾਨ ਹਿੰਦੂਤਵ ਰਾਸ਼ਟਰਵਾਦ ਨੂੰ ਰਾਜਨੀਤਿਕ ਅਤੇ ਸਮਾਜਿਕ ਪੱਧਰ 'ਤੇ ਵੱਡਾ ਹੁਲਾਰਾ ਦਿੱਤਾ ਗਿਆ। ਇੱਕ ਧਰਮ ਨਿਰਪੱਖ ਦੇਸ਼ ਦੇ ਮੁਖੀ ਹੁੰਦਿਆਂ ਮੰਦਰਾਂ ਦੀ ਸਥਾਪਨਾ ਅਤੇ ਸ਼ਾਸਤਰੀ ਪੂਜਾ ਕੀਤੀ ਗਈ। ਇਸ ਦੇ ਨਾਲ ਹੀ ਜਨ ਕਲਿਆਣਕਾਰੀ ਪ੍ਰੋਗਰਾਮ ਉਲੀਕਣ ਅਤੇ ਠੋਸ ਬੁਨਿਆਦੀ ਢਾਂਚਾ ਉਸਾਰਨ ਲਈ ਕਥਿਤ ਤੌਰ 'ਤੇ ਵੱਡੇ ਅਪ੍ਰੇਸ਼ਨ ਕੀਤੇ ਗਏ। ਪਰ ਇਹ ਸਭ ਕੁਝ ਕਰਦਿਆਂ ਇਹਨਾਂ ਵਰ੍ਹਿਆਂ ਵਿੱਚ ਕੁਝ ਅਜਿਹੇ ਗੰਭੀਰ ਸਵਾਲ ਉੱਠੇ ਹਨ, ਜਿਨ੍ਹਾਂ ਨੇ ਦੇਸ਼ ਦੀ ਸਿਆਸਤ ਵਿੱਚ ਹੜਕੰਪ ਮਚਾ ਦਿੱਤਾ ਹੈ। ਸਭ ਤੋਂ ਵੱਡੇ ਸਵਾਲ ਲੋਕਤੰਤਰ 'ਤੇ ਹਨ, ਜੋ ਇੱਕ ਤੰਤਰ ਜਾਂ ਇੱਕੋ-ਇੱਕ ਤੰਤਰ ਵਿੱਚ ਬਦਲਿਆ ਜਾ ਰਿਹਾ ਹੈ। ਸੰਵਿਧਾਨ, ਸੰਸਦ ਅਤੇ ਅਦਾਲਤਾਂ ਦੇ ਕੰਮਕਾਜ ਨੂੰ ਜਿਸ ਢੰਗ ਨਾਲ ਪ੍ਰਭਾਵਿਤ ਕੀਤਾ ਜਾ ਰਿਹਾ ਹੈ, ਉਸ ਨਾਲ ਸੰਵਿਧਾਨ 'ਤੇ ਭਰੋਸਾ ਕਿ ਇਸ ਨੂੰ ਬਦਲਿਆ ਨਹੀਂ ਜਾ ਸਕਦਾ, ਖਤਮ ਹੋ ਰਿਹਾ ਹੈ। ਨਿਆਂਪਾਲਿਕਾ ਦੀ ਨਿਰਪੱਖਤਾ ਅਤੇ ਚੋਣ ਕਮਿਸ਼ਨ ਦੀ ਭਰੋਸੇਯੋਗਤਾ 'ਤੇ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ। ਨਿਆਂਪਾਲਿਕਾ ਅਸਪੱਸ਼ਟ ਆਦੇਸ਼ ਦੇਣ ਲੱਗੀ ਹੈ, ਚੋਣ ਆਯੋਗ ਦੇ ਭਰੋਸੇ ਵਿੱਚ ਨਾਟਕੀ ਗਿਰਾਵਟ ਆਈ ਹੈ ਅਤੇ ਚੋਣ ਪ੍ਰਕਿਰਿਆ ਦੀ ਸ਼ੁੱਧਤਾ 'ਤੇ ਸ਼ੱਕ ਵਧਦਾ ਜਾ ਰਿਹਾ ਹੈ। ਨਤੀਜੇ ਵਜੋਂ ਦੇਸ਼ ਵਿੱਚ ਥਾਂ-ਥਾਂ ਮੁਜ਼ਾਹਰੇ ਹੋ ਰਹੇ ਹਨ, ਇੱਥੋਂ ਤੱਕ ਕਿ ਨਵੀਂ ਪੀੜ੍ਹੀ ਨੇ ਵੀ ਮੁਜ਼ਾਹਰੇ ਕੀਤੇ ਹਨ। ਸਰਕਾਰ, ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਦੀ ਘੇਰਾਬੰਦੀ ਹੁਣ ਖਬਰਾਂ ਦੀਆਂ ਸੁਰਖੀਆਂ ਵਿੱਚ ਆਉਣੀ ਸ਼ੁਰੂ ਹੋ ਗਈ ਹੈ। ਇਸੇ ਦੌਰਾਨ ਸਰਕਾਰ ਦੇ ਅਕਸ ਵਿੱਚ ਵਿਗਾੜ ਆ ਰਹੇ ਹਨ। ਮਹਿੰਗਾਈ ਲਗਾਤਾਰ ਵਧ ਰਹੀ ਹੈ, ਬੇਰੁਜ਼ਗਾਰੀ ਵਧ ਰਹੀ ਹੈ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਰੁਪਏ ਦੀ ਕੀਮਤ ਦੀ ਦੁਰਦਸ਼ਾ ਹੋ ਰਹੀ ਹੈ। ਵਿਸ਼ਵ ਪੱਧਰ ਤੇ ਭਾਰਤ ਦਾ ਜੋ ਅਕਸ ਇੱਕ ਨਿਰਪੱਖਤਾ ਦੀ ਸੋਚ ਵਾਲਾ ਬਣਿਆ ਹੋਇਆ ਸੀ, ਉਸ ਨੂੰ ਮੌਜੂਦਾ ਭਾਰਤੀ ਨੇਤਾਵਾਂ ਦੀ ਸੋਚ ਅਤੇ ਕਿਰਦਾਰ ਕਾਰਨ ਡੋਨਾਲਡ ਟਰੰਪ ਵਰਗੀਆਂ ਧਮਕੀਆਂ ਨੇ ਨਸ਼ਟ ਕਰ ਦਿੱਤਾ ਹੈ। ਬਜਾਏ ਇਸ ਦੇ ਕਿ ਨਰਿੰਦਰ ਮੋਦੀ ਹਕੂਮਤ ਲੋਕਾਂ ਦੀ ਮਹਿੰਗਾਈ, ਬੇਰੁਜ਼ਗਾਰੀ, ਸਿੱਖਿਆ, ਸਿਹਤ ਸਹੂਲਤਾਂ ਜਾਂ ਕਿਸਾਨੀ ਸਮੱਸਿਆ ਨੂੰ ਸਮਝੇ, ਸਵਾਲ ਉਠਾਉਣ ਵਾਲਿਆਂ ਨੂੰ ਅਰਬਨ ਨਕਸਲ, ਟੁਕੜੇ-ਟੁਕੜੇ ਗੈਂਗ ਅਤੇ ਦੇਸ਼ਧ੍ਰੋਹੀ ਗਰਦਾਨਿਆ ਜਾ ਰਿਹਾ ਹੈ ਅਤੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਹਰ ਸੰਵੇਦਨਸ਼ੀਲ ਬੰਦੇ 'ਤੇ ਲੇਬਲ ਚਿਪਕਾ ਕੇ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਮਰਨ-ਸੜਨ ਲਈ ਛੱਡਣ ਦੀ ਪ੍ਰਵਿਰਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪੀੜਤਾਂ ਨੂੰ ਇਨਸਾਫ਼ ਦੀ ਥਾਂ ਡਾਂਗਾਂ, ਗੋਲੀਆਂ ਅਤੇ ਪਾਣੀ ਦੀਆਂ ਬੁਛਾੜਾਂ ਨਾਲ ਨਿਵਾਜਿਆ ਜਾ ਰਿਹਾ ਹੈ। ਅਵਾਮ ਦੀ ਕੂਕ ਸੱਤਾ ਦੇ ਗਲਿਆਰਿਆਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਜਾਵੇ, ਇਹੋ ਯਤਨ ਅੱਜ ਹਾਕਮਾਂ ਦੀ ਪਹਿਲ ਬਣ ਚੁੱਕਾ ਹੈ। ਸੱਤਾ ਦੇ ਵਪਾਰੀਕਰਨ, ਬਜ਼ਾਰੀਕਰਨ ਅਤੇ ਦਰਬਾਰੀਕਰਨ ਨੇ ਦੇਸ਼ ਆਪਣੇ ਖ਼ੂਨੀ ਸ਼ਿਕੰਜੇ 'ਚ ਲਿਆ ਹੋਇਆ ਹੈ। ਫਿਰਕਾਪ੍ਰਸਤੀ ਮੌਬਲਿੰਚਿੰਗ ਅਤੇ ਫਾਸ਼ੀਵਾਦ ਸੱਤਾ ਦੇ ਵੱਡੇ ਹਥਿਆਰ ਹਨ। ਜੋ ਕਿਸੇ ਵੀ ਲੋਕਤੰਤਰ ਦੇ ਵੈਰੀ ਹਨ। ਤਦੇ ਸਵਾਲ ਉੱਠਦਾ ਹੈ ਕਿ ਸੰਵਿਧਾਨ 'ਚ ਮੁੱਢਲਾ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਵਾਲੇ 13 ਕਰੋੜ ਲੋਕਾਂ ਦੇ ਨਾਂਅ ਵੋਟਰ ਸੂਚੀ 'ਚ ਹਟਾਉਣ ਦਾ ਅਧਿਕਾਰ ਸੱਤਾ ਨੂੰ ਕਿਸ ਨੇ ਦਿੱਤਾ ਹੈ? ਇਹ ਅਧਿਕਾਰ ਵੀ ਉਸ ਨੂੰ ਕਿਸ ਨੇ ਦਿੱਤਾ ਹੈ ਕਿ ਜੇਕਰ ਲੋਕ ਵੋਟ ਦੇ ਅਧਿਕਾਰ ਲਈ ਸੜਕਾਂ 'ਤੇ ਹਨ ਤਾਂ ਲੋਕਾਂ ਨੂੰ ਅਰਾਜਕ ਐਲਾਨ ਕੇ ਉਹਨਾਂ ਲਈ ਦਿੱਲੀ ਦੇ ਬੂਹੇ ਬੰਦ ਕਿਉਂ ਕਰ ਦਿੱਤੇ ਜਾਂਦੇ ਹਨ ? ਤੇ ਫਿਰ ਬੈਰੀਕੇਡ, ਪੁਲਸ ਅਤੇ ਗ੍ਰਿਫ਼ਤਾਰੀਆਂ ਹੀ ਉਹਨਾਂ ਦੇ ਹਿੱਸੇ ਕਿਉਂ ਆਉਂਦੀਆਂ ਹਨ? ਸਿਤਮ ਦੀ ਗੱਲ ਹੈ ਕਿ ਦੇਸ਼ ਵਿੱਚ ਇੱਕੋ ਆਵਾਜ਼ ਗੂੰਜਦੀ ਹੈ, ਜੋ ਟੀ.ਵੀ., ਗੋਦੀ ਮੀਡੀਆ ਅਤੇ ਰੇਡੀਓ ਵਿੱਚ ਦਿਨ-ਰਾਤ ਸੁਣਾਈ ਦਿੰਦੀ ਹੈ। ਇਹੋ ਆਵਾਜ਼ ਥਾਂ-ਥਾਂ ਪ੍ਰੋਜੈਕਟਾਂ ਦਾ ਉਦਘਾਟਨ ਕਰਦੀ ਹੈ, ਸੰਦੇਸ਼ ਦਿੰਦੀ ਹੈ, ਮਨ ਕੀ ਬਾਤ ਸੁਣਾਉਂਦੀ ਹੈ, ਪਰ ਆਮ ਲੋਕਾਂ ਲਈ ਗੈਰ-ਹਾਜ਼ਰ ਹੋ ਜਾਂਦੀ ਹੈ। ਸਰਕਾਰ ਦਾ ਅਕਸ ਤਾਂ ਨਿਰਣਾ ਲੈਣ ਵਾਲੀ ਹਕੂਮਤ ਦਾ ਮੰਨਿਆ ਜਾਂਦਾ ਸੀ, ਲੇਕਿਨ ਮੌਜੂਦਾ ਸਰਕਾਰ ਅੱਜ ਨਿਰਣਾਹੀਣ ਦੇਖੀ ਜਾ ਰਹੀ ਹੈ । ਉਹ ਅਸਪੱਸ਼ਟ ਹੈ ਕਿ ਚੋਣ ਖੇਤਰਾਂ ਵਿੱਚ ਪਰਸੀਮਨ ਕਰੇ ਜਾਂ ਨਾ। ਉਹ ਉਲਝੀ ਹੋਈ ਹੈ ਅਤੇ ਆਪਣਾ ਮੌਜੂਦਾ ਪਾਰਲੀਮਾਨੀ ਸਦਨ ਦਾ ਸਤਰ ਵੀ ਉਠਾ ਨਹੀਂ ਪਾ ਰਹੀ। ਇੱਥੋਂ ਤੱਕ ਕਿ ਸਮੇਂ-ਸਮੇਂ 'ਤੇ ਮੰਤਰੀ ਮੰਡਲ ਵਿੱਚ ਖਾਲੀ ਹੋ ਰਹੀਆਂ ਸੀਟਾਂ ਨੂੰ ਭਰਨ ਲਈ ਵੀ ਸਰਕਾਰ ਦੇ ਵਿੱਚ ਇਸ ਵੇਲੇ ਹੌਸਲਾ ਨਹੀਂ ਰਿਹਾ। ਇੰਜ ਲੱਗਦਾ ਹੈ ਕਿ ਸਰਕਾਰ ਇਸ ਵੇਲੇ ਡਰੀ ਹੋਈ ਹੈ। ਉਹ ਡਰਾ ਦਿੱਤੀ ਗਈ ਹੈ, ਖਾਸ ਤੌਰ 'ਤੇ ਨੌਜਵਾਨਾਂ ਵੱਲੋਂ, ਜੋ ਇਸ ਵੇਲੇ ਅਸੰਤੁਸ਼ਟ ਹਨ ।


ਗੁਰਮੀਤ ਸਿੰਘ ਪਲਾਹੀ

ਜੋ ਸੜਕਾਂ 'ਤੇ ਹਨ । ਸਵਾਲ ਪੁੱਛ ਰਹੇ ਹਨ। ਉਹ ਡਰ ਗਈ ਹੈ ਆਪੋਜ਼ੀਸ਼ਨ ਵੱਲੋਂ, ਜੋ ਲਗਾਤਾਰ ਹੁਣ ਇਕੱਠੇ ਹੋ ਕੇ ਇੰਡੀਆ ਗਰੁੱਪ ਵਿੱਚ ਖੜ੍ਹ ਕੇ ਉਸ ਨੂੰ ਚੈਲੇਂਜ ਕਰਨ ਲੱਗ ਪਏ ਹਨ । ਉਸ ਸਥਿਤੀ ਵਿੱਚ ਅੱਜ ਸਰਕਾਰ ਸਹੀ ਮਾਇਨਿਆਂ ਵਿੱਚ ਨਿਰਣਾਇਕ ਫੈਸਲੇ ਲੈਣ ਦੇ ਯੋਗ ਨਹੀਂ ਰਹੀ। ਕਿਉਂਕਿ ਉਹ ਬਿਹਾਰ ਵਾਲੇ ਨਿਤੀਸ਼ ਕੁਮਾਰ ਅਤੇ ਚਿਰਾਗ ਪਾਸਵਾਨ, ਆਂਧਰਾ ਪ੍ਰਦੇਸ਼ ਦੇ ਚੰਦਰ ਬਾਬੂ ਨਾਇਡੂ ਵਰਗੇ ਸਹਿਯੋਗੀਆਂ ਦੇ ਆਸਰੇ ਖੜੀ ਹੈ। ਅਸਲ ਮਾਇਨਿਆਂ ਵਿੱਚ ਜਿਸ ਢੰਗ ਨਾਲ ਕਦੇ 2014 ਵਿੱਚ ਮੋਦੀ ਦੀ ਸਰਕਾਰ ਨੇ ਸਹੁੰ ਚੁੱਕਣ ਵੇਲੇ ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਖਤਮ ਕਰਨ ਦਾ ਨਿਰਣਾ ਲਿਆ ਸੀ, ਜਿਸ ਢੰਗ ਨਾਲ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੀ ਗੱਲ ਕੀਤੀ ਗਈ ਸੀ ਅਤੇ ਵੱਡੇ-ਵੱਡੇ ਕੰਮ ਕਰਨ ਦਾ ਤਹੱਈਆ ਕੀਤਾ ਗਿਆ ਸੀ, ਉਸ ਨੂੰ ਭੁੱਲ-ਭੁਲਾ ਕੇ ਉਸ ਨੇ ਇੱਕ ਹਿੰਦੂਤਵ ਏਜੰਡੇ ਨੂੰ ਸਾਹਮਣੇ ਰੱਖ ਕੇ ਆਪਣਾ ਰਾਜ-ਭਾਗ ਕਾਇਮ ਰੱਖਣ ਲਈ ਇੱਕ ਅਜਿਹਾ ਤੰਤਰ ਬਣਾ ਦਿੱਤਾ, ਜਿਸ ਵਿੱਚ ਬੁਨਿਆਦੀ ਤੌਰ 'ਤੇ ਘੱਟ-ਗਿਣਤੀਆਂ ਲਈ ਖਤਰਾ ਪੈਦਾ ਹੋ ਗਿਆ। ਸਾਡਾ ਸੰਵਿਧਾਨ ਸਭਨਾਂ ਲਈ ਇੱਕੋ ਜਿਹੇ ਅਧਿਕਾਰਾਂ ਦੀ ਗੱਲ ਕਰਦਾ ਹੈ। ਬਿਨਾਂ ਸ਼ੱਕ ਇਸ ਨੂੰ ਕਿਸੇ ਨੇ ਚੰਗੀ ਤਰ੍ਹਾਂ ਪੜ੍ਹਿਆ ਹੋਵੇ ਜਾਂ ਨਾ ਪੜ੍ਹਿਆ ਹੋਵੇ, ਇਹ ਇੱਕ ਅਜਿਹਾ ਸੰਵਿਧਾਨ ਹੈ, ਜਿਸ 'ਤੇ ਦੇਸ਼ ਦੇ ਲੋਕ ਦਿਲੋਂ ਯਕੀਨ ਕਰਦੇ ਹਨ। ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਲਈ ਸੰਵਿਧਾਨਕ ਮੁੱਲਾਂ ਦੀ ਰੱਖਿਆ ਅਤੇ ਆਮ ਨਾਗਰਿਕਾਂ ਦੇ ਅਧਿਕਾਰਾਂ ਦੀ ਬਹਾਲੀ ਸਭ ਤੋਂ ਜ਼ਰੂਰੀ ਹੈ । ਸੰਵਿਧਾਨ 'ਚ ਦਰਜ ਅਧਿਕਾਰਾਂ ਦੇ ਮੱਦੇਨਜ਼ਰ ਇਸ ਨੂੰ ਇੱਕ-ਤੰਤਰ ਜਾਂ ਇੱਕੋ ਇਕ-ਤੰਤਰ 'ਚ ਬਦਲਣਾ ਜਾਂ ਬਦਲਣ ਦੀ ਕੋਸ਼ਿਸ਼ ਕਰਨਾ ਦੇਸ਼ ਦੀ ਤਬਾਹੀ ਵੱਲ ਕਦਮ ਹੋਏਗਾ, ਕਿਉਂਕਿ ਇੱਕੋ-ਇਕ ਤੰਤਰ ਲੋਕਤੰਤਰ ਕਦੇ ਵੀ ਨਹੀਂ ਹੁੰਦਾ।

**# ਸੰਪਰਕ : 98158-02070**

# ਦਿਸ਼ਾਹੀਣ ਭੀੜਾਂ ਦੇ ਰੋਸ ਵਿਖਾਵੇ

ਬੀਤੇ ਦਿਨੀਂ ਹਿਰਦੇਵੇਦਕ ਘਟਨਾ ਵਿੱਚ ਪਰਵਿੰਦਰ ਸਿੰਘ ਝੋਟਾ ਨਾਂਅ ਦੇ ਨੌਜਵਾਨ ਦੀ ਮੌਤ ਨਾਲ ਲੋਕਾਂ ਵਿੱਚ ਰੋਸ ਦੀ ਲਹਿਰ ਫੈਲ ਗਈ। ਬਦਨਾਮ ਮੈਡੀਕਲ ਸਟੋਰ ਦੇ ਮਾਲਕ ਵੱਲੋਂ ਗੋਲੀਆਂ ਮਾਰ ਕੇ ਇਸ ਘਟਨਾ ਨੂੰ ਅੰਜ਼ਾਮ ਦਿੱਤਾ ਗਿਆ। ਰੋਸ ਲਹਿਰ ਦੇ ਅਧਾਰ ਦਾ ਵੱਡਾ ਪਸਾਰਾ ਹੈ, ਕਿਉਂਕਿ ਨਿੱਤ ਦਿਹਾੜੇ ਨੌਜਵਾਨਾਂ ਦੀਆਂ ਨਸ਼ਿਆਂ ਨਾਲ ਮੌਤਾਂ ਹੋ ਰਹੀਆਂ ਹਨ।

ਪਰਵਿੰਦਰ ਸਿੰਘ ਝੋਟਾ ਨੇ ਸਰਗਰਮੀ ਨਾਲ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਈ ਸੀ ਤੇ ਸੋਸ਼ਲ ਮੀਡੀਆ ਰਾਹੀਂ ਲੋਕਾਂ ਦੇ ਵੱਡੇ ਹਿੱਸੇ ਤੱਕ ਆਪਣੀ ਗੱਲ ਪਹੁੰਚਾਈ ਸੀ। ਸਵਾਲ ਪੈਦਾ ਹੁੰਦਾ ਹੈ ਕਿ ਨਸ਼ਿਆਂਵਿਰੁੱਧ ਇਸ ਤਰ੍ਹਾਂ ਦੇ ਤਰੀਕੇ, ਮੁਹਿੰਮਾਂ ਕੋਈ ਸਿੱਟਾ ਕੱਢ ਸਕਦੇ ਹਨ? ਇਥੇ ਇਹ ਸਮਝਣਾ ਜ਼ਰੂਰੀ ਹੈ ਕਿ ਮੈਡੀਕਲ ਸਟੋਰਾ ਦਾ ਏਨਾ ਵੱਡਾ ਪਸਾਰਾ ਕਿਵੇਂ ਹੋਇਆ। ਕੀ ਇਸ ਪਿੱਛੇ ਸਿਹਤ ਖੇਤਰ ਦੇ ਨਿੱਜੀਕਰਨ ਦੀਆਂ ਨੀਤੀਆ ਜ਼ਿੰਮੇਵਾਰ ਹਨ।

ਪੰਜਾਬੀ ਸਮਾਜ ਨਸ਼ਿਆਂ ਦੇ ਦੁਖਾਂਤ ਨਾਲ ਪਿਛਲੇ ਲੰਮੇ ਸਮੇਂ ਤੋਂ ਪੀੜਤ ਹੈ। ਇਸ ਦੁਖਾਂਤ ਦੀ ਸ਼ੁਰੂਆਤ ਅਖੌਤੀ ਹਰੀ ਕ੍ਰਾਂਤੀ ਦੇ ਨਾਲ ਹੀ ਸ਼ੁਰੂ ਹੋ ਗਈ ਸੀ। ਸੱਤਰਵੇਂ ਦਹਾਕੇ ਵਿੱਚ ਹਰੀ ਕ੍ਰਾਂਤੀ ਦੇ ਪ੍ਰਭਾਵ ਨਾਲ ਕੁਝ ਪੇਂਡੂ ਧਨਾਢਾਂ, ਜਗੀਰਦਾਰਾਂ ਕੋਲ ਅਚਾਨਕ ਆਈ ਪੂੰਜੀ ਨੇ ਉਨ੍ਹਾਂ ਵਿੱਚ ਝੂਠੇ ਵਿਖਾਵੇ ਦੀ ਭਾਵਨਾ ਨੂੰ ਜਨਮ ਦਿੱਤਾ। ਸ਼ੁਰੂਆਤ ਵਿੱਚ ਵਿਆਹ ਸਮਾਗਮਾਂ ਸਮੇਂ ਬਰਾਤਾਂ ਨੂੰ ਸ਼ਰਾਬ ਵਰਤਾਈ ਜਾਣੀ ਸ਼ੁਰੂ ਹੋਈ। ਵਿਆਹ ਸਮਾਗਮਾਂ ਵਿੱਚ ਲਚਰ ਗਾਇਕੀ ਵਾਲੀਆਂ ਦੋ-ਗਾਣਾ ਜੋੜੀਆਂ ਸ਼ਾਮਲ ਹੋਈਆ। ਸਦੀਆਂ ਤੋਂ ਜਗੀਰੂ ਸਮਾਜਾਂ ਵਿੱਚ ਵਰਜਿਤ ਕਾਮੁਕ ਸੰਬੰਧਾਂ ਦੇ ਰੰਗ ਬਿਖੇਰੇ ਗਏ ਅਤੇ ਸ਼ਰਾਬ ਨਾਲ ਇਸ ਦੇ ਜਸ਼ਨ ਮਨਾਏ ਗਏ। ਕਾਮੁਕ ਸੰਬੰਧਾਂ ਦਾ ਕੋਈ ਤਰਕਪੂਰਨ ਢੰਗ ਨਾਲ ਵਿਸ਼ਲੇਸ਼ਣ ਕਰਨ ਦੀ ਬਜਾਏ ਅਸ਼ਲੀਲ ਸੱਭਿਆਚਾਰ ਪ੍ਰਫੁੱਲਤ ਹੋਣ ਲੱਗਾ, ਜੋ ਮੰਡੀ ਦੀ ਲੋੜ ਸੀ। ਇਥੋਂ ਮਾਨਸਿਕ ਵਿਗਾੜਾਂ ਦੀ ਸ਼ੁਰੂਆਤ ਹੋਈ।

ਥੋੜ੍ਹੇ ਸਮੇਂ ਬਾਅਦ ਹੀ ਅਖੌਤੀ ਹਰੀ ਕ੍ਰਾਂਤੀ ਦੀ ਵਕਤੀ ਖੁਸ਼ਹਾਲੀ ਨੇ ਦਮ ਤੋੜਨਾ ਸ਼ੁਰੂ ਕਰ ਦਿੱਤਾ। ਅੱਸੀਵੇਂ ਦੇ ਦਹਾਕੇ ਵਿੱਚ ਨਿਰਾਸ਼ ਪੰਜਾਬੀ ਸਮਾਜ ਦੀ ਮਾਨਸਿਕਤਾ ਵਿੱਚੋਂ ਫਿਰਕੂ ਸਿੱਖ ਅੱਤਵਾਦ/ ਵੱਖਵਾਦ/ਖਾੜਕੂਵਾਦ ਪੈਦਾ ਹੋਇਆ, ਜੋ ਸਮਾਜ ਦਾ ਵੱਡਾ ਨੁਕਸਾਨ ਕਰਦਾ ਹੋਇਆ 1994 ਦੇ ਅਖੀਰ ਤੱਕ ਖ਼ਤਮ ਹੋਇਆ। ਲੱਗਭੱਗ 25 ਸਾਲ ਚੱਲੇ ਇਸ ਵਰਤਾਰੇ ਦੌਰਾਨ ਖਾਲਿਸਤਾਨੀ ਲਹਿਰ ਵਿੱਚ ਸ਼ਾਮਲ ਬਹੁਤ ਸਾਰੇ ਲੋਕ ਅਮਰੀਕਾ/ਕੈਨੇਡਾ ਅਤੇ ਯੂਰਪ ਦੇ ਵਿਕਸਤ ਮੁਲਕਾਂ ਵਿੱਚ ਜਾ ਵਸੇ। ਸੁਭਾਵਿਕ ਤੌਰ 'ਤੇ ਉਹ ਪੰਜਾਬ ਨਾਲ ਭਾਵਨਾਤਮਕ ਤੌਰ 'ਤੇ ਜੁੜੇ ਰਹੇ ਅਤੇ ਪੰਜਾਬ ਦੀ ਰਾਜਨੀਤੀ, ਸੱਭਿਆਚਾਰ, ਆਰਥਿਕਤਾ ਨੂੰ ਪ੍ਰਭਾਵਤ ਕਰਨ ਲੱਗੇ।

ਇਸ ਦੇ ਨਾਲ ਹੀ 1991 ਵਿੱਚ ਸੋਵੀਅਤ ਯੂਨੀਅਨ ਦੇ ਬਿਖਰਨ ਕਾਰਨ ਅਮਰੀਕਾ ਦੀ ਸੰਸਾਰ ਪੱਧਰ 'ਤੇ ਸਰਦਾਰੀ ਦਾ ਯੁੱਗ ਸ਼ੁਰੂ ਹੁੰਦਾ ਹੈ।

ਭਾਰਤ ਵਿੱਚ ਮਰਹੂਮ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਿੱਚ ਅਤੇ ਕਾਂਗਰਸ ਦੇ ਮਰਹੂਮ ਨਰਸਿਮ੍ਹਾ ਰਾਓ ਦੀ ਅਗਵਾਈ ਵਿੱਚ ਕੇ ਨਵੀਆਂ ਆਰਥਿਕ ਨੀਤੀਆਂ ਲਾਗੂ ਕੀਤੀਆਂ ਗਈਆਂ। ਵੱਖ-ਵੱਖ ਰਾਜਨੀਤਕ ਪਾਰਟੀਆ ਸੱਤਾ ਤੋਂ ਬਾਹਰ/ਅੰਦਰ ਹੁੰਦੀਆਂ ਰਹੀਆਂ, ਪ੍ਰੰਤੂ ਆਰਥਿਕ ਮਾਡਲ ਵਿੱਚ ਕੋਈ ਤਬਦੀਲੀ ਨਹੀਂ ਹੋਈ ਅਤੇ ਮੌਜੂਦਾ ਮੋਦੀ ਸਰਕਾਰ ਦੀਆਂ ਹਕੀਕਤਾਂ ਤੋਂ ਸਮਾਜ ਦਾ ਕਾਫ਼ੀ ਵੱਡਾ ਹਿੱਸਾ ਵਾਕਿਫ ਹੈ। ਨਵੀਆਂ ਆਰਥਿਕ ਨੀਤੀਆਂ, ਜੋ ਮੂਲ ਰੂਪ ਵਿੱਚ ਵਿਦੇਸ਼ੀ ਪੂੰਜੀ ਨਿਵੇਸ਼ ਅਤੇ ਨਿੱਜੀਕਰਨ 'ਤੇ ਅਧਾਰਤ ਹਨ, ਦੇ ਵਰਤਾਰਿਆਂ ਨੇ 25-30 ਸਾਲ ਵਿੱਚ ਭਾਰਤੀ ਸਮਾਜ ਦੀ ਕਾਇਆ-ਪਲਟ ਕਰ ਦਿੱਤੀ। ਭਾਰਤ ਵਿੱਚ ਇੱਕ ਵੱਡੀ ਮਿਡਲ ਕਲਾਸ ਦਾ ਜਨਮ ਇਨ੍ਹਾਂ ਨੀਤੀਆਂ ਵਿੱਚੋਂ ਹੁੰਦਾ ਹੈ। ਇਸ ਦੇ ਨਾਲ ਹੀ ਸਮਾਜ ਦੇ ਕੁਝ ਹਿੱਸੇ ਕੋਲ ਦੌਲਤ ਦੇ ਅੰਬਾਰ ਲੱਗਣੇ ਸ਼ੁਰੂ ਹੋ ਜਾਂਦੇ ਹਨ।


ਦੇਸ ਰਾਜ ਜਾਫਰਵਾਲ

ਨਿੱਜੀਕਰਨ/ਵਿਸ਼ਵੀਕਰਨ/ਉਦਾਰੀਕਰਨ ਦੀਆਂ ਨੀਤੀਆਂ ਨਾਲ ਕਾਰਪੋਰੇਟ ਜਗਤ ਨੇ ਨਿੱਜੀ ਟੀ ਵੀ ਚੈਨਲਾਂ, ਫਿਲਮਾਂ, ਸੀਰੀਅਲਾਂ ਆਦਿ ਨਾਲ ਖਪਤਵਾਦ ਦੀ ਹਨੇਰੀ ਝੁਲਾ ਦਿੱਤੀ। ਨਵੇਂ-ਨਵੇਂ ਮਾਡਲ ਦੀਆਂ ਕਾਰਾਂ, ਕੱਪੜੇ ਕੋਠੀਆਂ, ਖੁੱਲ੍ਹੇ ਕਾਮੁਕ ਸੰਬੰਧਾਂ ਦੀ ਚਕਾਚੌਂਧ ਨੇ ਸਮੁੱਚੇ ਸਮਾਜ ਨੂੰ ਆਪਣੇ ਕਲਾਵੇਂ ਵਿੱਚ ਜਕੜ ਲਿਆ। ਮਨੁੱਖੀ ਸਹਿਜ ਦਮ-ਤੋੜਨ ਲੱਗਾ। ਸਮਾਜ ਵਿੱਚ ਦੇਖਾ-ਦੇਖੀ ਜਾਇਜ਼/ਨਜਾਇਜ਼ ਤਰੀਕਿਆ ਨਾਲ ਧਨ ਕਮਾਉਣ ਦਾ ਰੁਝਾਨ ਜ਼ੋਰ ਫੜਨ ਲੱਗਾ। ਪੂੰਜੀਵਾਦ ਦੀ ਪ੍ਰਕਿਰਿਆ ਦਾ ਜ਼ਰੂਰੀ ਲੱਛਣ ਪੈਸਾ ਕੁਝ ਹੱਥਾਂ ਤੱਕ ਸਿਮਟਣ ਲੱਗਾ ਤੇ ਅਬਾਦੀ ਦੇ ਵੱਡੇ ਹਿੱਸੇ ਪੱਲੇ ਨਿਰਾਸ਼ਤਾ ਪੈਣ ਲੱਗੀ। ਨਿੱਜੀਕਰਨ ਦੀਆਂ ਨੀਤੀਆਂ ਨਾਲ ਪਬਲਿਕ ਸੈਕਟਰ ਅਤੇ ਖੇਤੀ ਸੈਕਟਰ ਵਿੱਚੋਂ ਰੁਜ਼ਗਾਰ ਹੂੰਝਿਆ ਗਿਆ। ਨੌਜਵਾਨ ਨਿਰਾਸ਼ਤਾ ਵਿੱਚ ਟੱਕਰਾਂ ਮਾਰਨ ਲੱਗੇ। ਸਮਾਜ ਦੇ ਵੱਡੇ ਹਿੱਸੇ ਨੇ ਇੱਕੋ-ਇੱਕ ਮੁਹਿੰਮ 'ਵਿਦੇਸ਼ ਚਲੋ' ਵਿੱਢ ਲਈ। ਮੁੱਕਦੀ ਗੱਲ ਅੱਜ 2026 ਵਿੱਚ ਸੰਸਾਰ ਸਰਮਾਏਦਾਰੀ ਆਪਣੇ ਨਕਾਰਾਤਮਕ ਪ੍ਰਭਾਵਾਂ ਨਾਲ ਨਿਰਣਾਇਕ ਦੌਰ ਵਿੱਚ ਪਹੁੰਚ ਗਈ ਹੈ। ਪੱਛੜੇ ਮੁਲਕਾਂ ਦੀ ਗੱਲ ਛੱਡੋ, ਵਿਕਸਤ ਮੁਲਕ ਵੀ ਮਹਿੰਗਾਈ, ਨਸ਼ੇ, ਗੈਂਗਸਟਰਵਾਦ, ਬੇਰੁਜ਼ਗਾਰੀ ਨਾਲ ਝੰਬੇ ਗਏ ਹਨ। ਇਹ ਵਰਤਾਰਾ ਘੱਟ-ਵੱਧ ਪ੍ਰਭਾਵਾਂ ਨਾਲ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿੱਚ ਲੈ ਰਿਹਾ ਹੈ। ਹਾਲਾਂਕਿ ਚੀਨ ਇਸ ਦਾ ਅਪਵਾਦ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਨਿਰਾਸ਼ਤਾ ਵਿੱਚੋਂ ਪੈਦਾ ਹੋਏ ਨਸ਼ੇ ਬਿਮਾਰ ਸੱਭਿਆਚਾਰ ਦਾ ਹੱਲ ਕਿਹੜੀ ਰਾਜਨੀਤਕ ਧਿਰ ਕੋਲ ਹੈ। ਝੋਟੇ ਦੇ ਕਤਲ ਤੋਂ ਪੈਦਾ ਹੋਏ ਰੋਹ ਦੀ ਅਗਵਾਈ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲੱਖਾ ਸਿਧਾਣ, ਭਾਨਾ ਸਿੱਧੂ ਆਦਿ ਕੋਲ ਕੋਈ ਬਦਲਵਾਂ ਆਰਥਿਕ, ਰਾਜਨੀਤਕ, ਸਭਿਆਚਾਰ ਦਾ ਮਾਡਲ ਜਾਂ ਸੋਝੀ ਹੈ? ਜਾਂ ਇਹ ਗੁੱਟ ਦੇ ਸੰਕਟ ਮੋਚਕ ਜਾਂ ਕੁਲ-ਪੁਰਜੇ ਹੀ ਹਨ? ਇਸ ਤੋਂ ਇਲਾਵਾ ਸੁਹਿਰਦ ਖੱਬੇ ਪੱਖੀ ਪਾਰਟੀਆਂ ਅਤੇ ਜਥੇਬੰਦੀਆਂ ਲਈ ਵੰਗਾਰਦਾ ਸਮਾ ਹੈ।

**# ਸੰਪਰਕ : 99156-23869**

# ਕਾਮਰੇਡ ਰੂਪ ਸਿੰਘ ਰੂਪਾ : ਮੁਲਾਜ਼ਮ ਲਹਿਰ ਦਾ ਨਿਧੜਕ ਆਗੂ

**ਐੱਮ ਐੱਸ ਭਾਟੀਆ**

ਕਾਮਰੇਡ ਰੂਪ ਸਿੰਘ ਰੂਪਾ ਦਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮੁਲਾਜ਼ਮਾਂ ਦੀ ਜਥੇਬੰਦਕ ਤਾਕਤ ਨੂੰ ਮਜ਼ਬੂਤ ਕਰਨ, ਮੁਲਾਜ਼ਮਾਂ ਦੇ ਕਾਨੂੰਨੀ ਹੱਕਾਂ ਲਈ ਲੰਮੀ ਲੜਾਈ ਲੜਨ ਅਤੇ ਕੌਮੀ ਪੱਧਰ 'ਤੇ ਯੂਨੀਵਰਸਿਟੀ ਤੇ ਕਾਲਜ ਕਰਮਚਾਰੀਆਂ ਦੀ ਆਵਾਜ਼ ਬੁਲੰਦ ਕਰਨ ਵਿੱਚ ਉਨ੍ਹਾ ਦਾ ਯੋਗਦਾਨ ਸਦਾ ਯਾਦ ਰੱਖਿਆ ਜਾਵੇਗਾ।

ਰੂਪਾ ਜੀ ਦਾ ਖੱਬੀ ਵਿਚਾਰਧਾਰਾ ਵੱਲ ਝੁਕਾਅ ਮੁੱਢਲੇ ਜੀਵਨ ਵਿੱਚ ਹੀ ਬਣ ਗਿਆ ਸੀ। 1953-54 ਦੇ ਸਮੇਂ ਦੌਰਾਨ ਉਹ ਮਾਸਟਰ ਬਾਬੂ ਸਿੰਘ ਦੇ ਸੰਪਰਕ ਵਿੱਚ ਆਏ। ਇਸ ਤੋਂ ਬਾਅਦ ਕਾਮਰੇਡ ਜਗਜੀਤ ਸਿੰਘ ਆਨੰਦ ਵਰਗੇ ਸੂਝਵਾਨ ਕਮਿਊਨਿਸਟ ਆਗੂਆਂ ਦੀ ਸੰਗਤ ਨੇ ਉਨ੍ਹਾ ਦੀ ਵਿਚਾਰਧਾਰਕ ਸਮਝ ਨੂੰ ਹੋਰ ਡੂੰਘਾ ਕੀਤਾ। ਉਨ੍ਹਾ ਨੇ ਰਾਜਨੀਤਕ ਵਿਚਾਰਧਾਰਾ ਨੂੰ ਸਿਰਫ਼ ਅਧਿਐਨ ਤੱਕ ਸੀਮਤ ਨਹੀਂ ਰੱਖਿਆ, ਸਗੋਂ ਇਸ ਨੂੰ ਮੁਲਾਜ਼ਮਾਂ ਦੇ ਹੱਕਾਂ ਲਈ ਅਮਲੀ ਸੰਘਰਸ਼ ਦਾ ਆਧਾਰ ਬਣਾਇਆ।

1968 ਵਿੱਚ ਉਹ ਟਰੇਡ ਯੂਨੀਅਨ ਲਹਿਰ ਨਾਲ ਜੁੜੇ। ਉਸ ਸਮੇਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮੁਲਾਜ਼ਮਾਂ ਸਾਹਮਣੇ ਇੱਕ ਵੱਡੀ ਕਾਨੂੰਨੀ ਅਤੇ ਜਥੇਬੰਦਕ ਚੁਣੌਤੀ ਸੀ। ਯੂਨੀਵਰਸਿਟੀ ਦੇ ਮੁਲਾਜ਼ਮਾਂ ਨੂੰ ਉਦਯੋਗਿਕ ਅਦਾਰਿਆਂ ਦੇ ਕਾਮਿਆਂ ਵਾਂਗ ਕਿਰਤ ਕਾਨੂੰਨਾਂ ਦੀ ਸੁਰੱਖਿਆ ਪ੍ਰਾਪਤ ਨਹੀਂ ਸੀ। ਅਜਿਹੇ ਹਾਲਾਤ ਵਿੱਚ ਰੂਪਾ ਜੀ ਨੇ ਮੁਲਾਜ਼ਮਾਂ ਨੂੰ ਜਥੇਬੰਦ ਕਰਨ ਅਤੇ ਉਨ੍ਹਾਂ ਦੇ ਹੱਕਾਂ ਦੀ ਲੜਾਈ ਨੂੰ ਕਾਨੂੰਨੀ ਪੱਧਰ 'ਤੇ ਲਿਜਾਣ ਦਾ ਬੀੜਾ ਚੁੱਕਿਆ।1968 ਤੋਂ 1992 ਤੱਕ, (ਜਦੋਂ ਉਨ੍ਹਾ ਸਵੈ-ਇੱਛਕ ਸੇਵਾਮੁਕਤੀ ਲਈ), ਉਹ ਲਗਭਗ 24 ਸਾਲ ਮੁਲਾਜ਼ਮ ਲਹਿਰ ਨਾਲ ਸਰਗਰਮੀ ਨਾਲ ਜੁੜੇ ਰਹੇ। ਇਸ ਸਮੇਂ ਦੌਰਾਨ ਉਹ 18 ਸਾਲ ਯੂਨੀਅਨ ਦੇ ਪ੍ਰਧਾਨ ਰਹੇ। ਉਨ੍ਹਾ ਦੀ ਅਗਵਾਈ ਹੇਠ ਜਥੇਬੰਦੀ ਨੂੰ ਯੂਨੀਵਰਸਿਟੀ ਵਿੱਚ ਮਾਨਤਾ ਮਿਲੀ ਅਤੇ ਮੁਲਾਜ਼ਮਾਂ ਦੀ ਸਾਂਝੀ ਆਵਾਜ਼ ਮਜ਼ਬੂਤ ਹੋਈ।

ਜੁਲਾਈ 1973 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਕਾਮਰੇਡ ਰੂਪ ਸਿੰਘ ਰੂਪਾ ਦੀ ਬਰਤਰਫੀ ਨੇ ਇਤਿਹਾਸ ਹੀ ਬਦਲ ਦਿੱਤਾ ।ਹਾਈ ਕੋਰਟ ਵਿੱਚ ਇਸ ਕੇਸ ਦੀ ਪੈਰਵੀ ਕਰਨ ਵਾਲੇ ਸਾਬਕਾ ਵਿਦੇਸ਼ ਮੰਤਰੀ ਕ੍ਰਿਸ਼ਨਾ ਮੈਨਨ ਅਤੇ ਜਦੋਂ ਕੇਸ ਦੀ ਸੁਣਵਾਈ ਦੌਰਾਨ ਉਹਨਾ ਦਾ ਦਿਹਾਂਤ ਹੋ ਗਿਆ ਤਾਂ ਇਹੋ ਜ਼ਿੰਮੇਵਾਰੀ ਸਾਂਭੀ ਉੱਘੇ ਕਾਨੂੰਨਦਾਨ ਆਰ ਕੇ ਗਰਗ ਅਤੇ ਹੀਰਾ ਲਾਲ ਸਿੱਬਲ ਨੇ ।ਹਾਈ ਕੋਰਟ ਦੇ ਫੁੱਲ ਬੈਂਚ ਨੇ ਕੇਸ ਦੀ ਸੁਣਵਾਈ ਕੀਤੀ ਅਤੇ ਉਸ ਮੁਲਾਜ਼ਮ ਆਗੂ ਦੀ ਬਹਾਲੀ ਦਾ ਹੁਕਮ ਦਿੱਤਾ।

ਕਾਮਰੇਡ ਰੂਪ ਸਿੰਘ ਰੂਪਾ ਦੀ ਅਗਵਾਈ ਸਿਰਫ਼ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੱਕ ਸੀਮਤ ਨਹੀਂ ਰਹੀ, 1973 ਵਿੱਚ ਸੰਬਲਪੁਰ, ਉੜੀਸਾ ਵਿਖੇ ਆਲ ਇੰਡੀਆ ਯੂਨੀਵਰਸਿਟੀਜ਼ ਐਂਡ ਕਾਲਜਿਜ਼ ਫੈਡਰੇਸ਼ਨ ਦੀਆਂ ਚੋਣਾਂ ਵਿੱਚ ਰੂਪਾ ਜੀ ਨੇ ਉਸ ਸਮੇਂ ਜਾਰਜ ਫਰਨਾਂਡਿਸ ਫੈਡਰੇਸ਼ਨ ਦੇ ਜਨਰਲ ਸਕੱਤਰ ਸਨ, ਨੂੰ ਹਰਾ ਕੇ ਫੈਡਰੇਸ਼ਨ ਦੇ ਜਨਰਲ ਸਕੱਤਰ ਬਣੇ ਅਤੇ ਕਾਮਰੇਡ ਜਗਜੀਤ ਸਿੰਘ ਆਨੰਦ ਜਥੇਬੰਦੀ ਦੇ ਵਰਕਿੰਗ ਪ੍ਰਧਾਨ ਸਨ। ਪੰਜਾਬ ਦੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਇਸ ਜਥੇਬੰਦੀ ਦੇ ਪ੍ਰਧਾਨ ਸਨ।

ਕਾਮਰੇਡ ਰੂਪ ਸਿੰਘ ਰੂਪਾ ਨੇ ਕੌਮਾਂਤਰੀ ਪੱਧਰ 'ਤੇ ਵੀ ਭਾਰਤੀ ਮੁਲਾਜ਼ਮਾਂ ਦੀ ਨੁਮਾਇੰਦਗੀ ਕੀਤੀ।1985 ਵਿੱਚ ਬੁਲਗਾਰੀਆ ਦੀ ਰਾਜਧਾਨੀ ਸੋਫੀਆ ਵਿੱਚ ਵਰਲਡ ਫੈਡਰੇਸ਼ਨ ਆਫ਼ ਟੀਚਰਜ਼ ਐਂਡ ਐਜੂਕੇਸ਼ਨਲ ਇੰਸਟੀਚਿਊਸ਼ਨਲ ਵਰਕਰਜ਼ ਦੀ ਕਾਨਫ਼ਰੰਸ ਵਿੱਚ ਉਹ ਸ਼ਾਮਲ ਹੋਏ।ਚੈਕੋਸਲੋਵਾਕੀਆ ਦੀ ਰਾਜਧਾਨੀ ਪ੍ਰਾਗ ਵਿੱਚ ਹੋਈ ਕਾਨਫ਼ਰੰਸ ਦੌਰਾਨ ਉਹ ਭਾਰਤੀ ਵਫ਼ਦ ਦੇ ਆਗੂ ਸਨ ।ਪੈਰਿਸ ਵਿੱਚ 'ਟੀਚਰਜ਼ ਫਾਰ ਵਰਲਡ ਪੀਸ' ਦੀ ਕਾਨਫ਼ਰੰਸ ਵਿੱਚ ਵੀ ਉਨ੍ਹਾ ਭਾਰਤੀ ਵਫ਼ਦ ਦੀ ਅਗਵਾਈ ਕੀਤੀ।ਇਨ੍ਹਾਂ ਸਰਗਰਮੀਆਂ ਰਾਹੀਂ ਉਨ੍ਹਾ ਸਿੱਖਿਆ ਸੰਸਥਾਵਾਂ ਦੇ ਕਰਮਚਾਰੀਆਂ ਦੇ ਹੱਕਾਂ ਅਤੇ ਵਿਸ਼ਵ ਸ਼ਾਂਤੀ ਦੇ ਮੁੱਦਿਆਂ ਨਾਲ ਆਪਣੀ ਸਾਂਝ ਦਾ ਪ੍ਰਗਟਾਵਾ ਕੀਤਾ।

ਜਬਰ ਅੱਗੇ ਨਾ ਝੁਕਣ ਵਾਲੀ ਸ਼ਖ਼ਸੀਅਤ

ਮੁਲਾਜ਼ਮਾਂ ਦੇ ਹੱਕਾਂ ਲਈ ਲੜਦਿਆਂ ਕਾਮਰੇਡ ਰੂਪਾ ਨੇ ਕਈ ਵਾਰ ਜੇਲ੍ਹ ਵੀ ਕੱਟੀ । 1968 ਅਤੇ 1970 ਵਿੱਚ ਉਹ ਜੇਲ੍ਹ ਗਏ ਅਤੇ 1971 ਵਿੱਚ ਉਨ੍ਹਾ ਨੂੰ ਮੀਸਾ ਅਧੀਨ ਨਜ਼ਰਬੰਦ ਕਰ ਦਿੱਤਾ ਗਿਆ। 1978 ਦੀ ਹੜਤਾਲ ਦੌਰਾਨ ਵੀ ਉਨ੍ਹਾ ਨੂੰ 29 ਦਿਨ ਜੇਲ੍ਹ ਵਿੱਚ ਰਹਿਣਾ ਪਿਆ। 1980ਵਿਆਂ ਵਿੱਚ ਪੰਜਾਬ ਨੇ ਦਹਿਸ਼ਤ, ਹਿੰਸਾ ਅਤੇ ਫ਼ਿਰਕਾਪ੍ਰਸਤੀ ਦਾ ਦਰਦਨਾਕ ਦੌਰ ਦੇਖਿਆ। ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ ਨਾਲ ਜੁੜੇ ਕਈ ਆਗੂਆਂ ਨੂੰ ਨਿਸ਼ਾਨਾ ਬਣਾਇਆ ਗਿਆ। ਸਤੰਬਰ 1989 ਵਿੱਚ ਕਾਮਰੇਡ ਰੂਪ ਸਿੰਘ ਰੂਪਾ ਉੱਤੇ ਕਾਤਲਾਨਾ ਹਮਲਾ ਹੋਇਆ । ਉਨ੍ਹਾ ਨੂੰ ਨੇੜਿਓਂ ਗੋਲੀਆਂ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ। ਗੰਭੀਰ ਹਮਲੇ ਦੇ ਬਾਵਜੂਦ ਉਨ੍ਹਾ ਦਾ ਬਚ ਜਾਣਾ ਉਨ੍ਹਾ ਦੇ ਸਾਥੀਆਂ ਲਈ ਵੱਡੀ ਰਾਹਤ ਸੀ।



ਕਾਮਰੇਡ ਰੂਪਾ ਨੇ ਮੁਲਾਜ਼ਮਾਂ ਦੇ ਹੱਕਾਂ ਦੀ ਲੜਾਈ ਦੇ ਨਾਲ-ਨਾਲ ਸਿੱਖਿਆ ਦੇ ਖੇਤਰ ਵਿੱਚ ਵੀ ਆਪਣੀ ਜ਼ਿੰਮੇਵਾਰੀ ਨਿਭਾਈ। ਉਨ੍ਹਾ ਨੇ ਆਪਣੇ ਪਿਤਾ ਸਰਦਾਰ ਕੇਹਰ ਸਿੰਘ ਰੂਪਾ ਦੀ ਯਾਦ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮੁਲਾਜ਼ਮਾਂ ਦੇ ਬੱਚਿਆਂ ਲਈ ਵਿੱਤੀ ਇਨਾਮ ਸ਼ੁਰੂ ਕੀਤੇ । ਉਨਾ ਨੇ ਹੋਣਹਾਰ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਇਨਾਮ ਦੇਣ ਵਾਸਤੇ 10 ਲੱਖ ਰੁਪਏ ਜਮ੍ਹਾਂ ਕਰਵਾਏ । ਇਸ ਸਿਲਸਿਲੇ ਦਾ ਪਹਿਲਾ ਸਮਾਗਮ 17 ਦਸੰਬਰ 2003 ਨੂੰ ਹੋਇਆ ਅਤੇ ਇਹ ਉਪਰਾਲਾ ਹਰ ਸਾਲ ਹੋਣ ਵਾਲੇ ਸਮਾਗਮਾਂ ਰਾਹੀਂ ਅੱਗੇ ਵਧਦਾ ਰਿਹਾ।ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਦੇ ਯਾਦਵਿੰਦਰਾ ਕਾਲਜ, ਤਲਵੰਡੀ ਸਾਬੋ ਦੇ ਤਿੰਨ ਲੋੜਵੰਦ ਅਤੇ ਹੋਣਹਾਰ ਵਿਦਿਆਰਥੀਆਂ ਦੀ ਬਾਰ੍ਹਵੀਂ ਤੋਂ ਬੀ ਟੈੱਕ ਤੱਕ ਦੀ ਪੜ੍ਹਾਈ ਲਈ ਉਨ੍ਹਾ ਕੁੱਲ 6 ਲੱਖ 12 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ।

ਕਾਮਰੇਡ ਰੂਪ ਸਿੰਘ ਰੂਪਾ ਦੀ ਪਤਨੀ ਸ੍ਰੀਮਤੀ ਪਰਮਜੀਤ ਕੌਰ ਨੇ ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚ ਉਨ੍ਹਾ ਦਾ ਸਾਥ ਨਿਭਾਇਆ।ਜੁਲਾਈ 2009 ਵਿੱਚ ਇਸ ਦੁਨੀਆ ਤੋਂ ਵਿਦਾ ਹੋ ਗਏ। ਉਨ੍ਹਾਂ ਦੇ ਤਿੰਨ ਪੁੱਤਰ—ਚਰਨਜੀਤ ਸਿੰਘ, ਤੇਜਿੰਦਰ ਸਿੰਘ ਅਤੇ ਗੁਰਪ੍ਰਕਾਸ਼ ਸਿੰਘ ਅਮਰੀਕਾ ਵਿੱਚ ਰਹਿੰਦੇ ਹਨ।ਉਨ੍ਹਾ ਦੇ ਸੰਘਰਸ਼ ਨੂੰ ਅੱਗੇ ਵਧਾਉਣ ਵਿੱਚ ਡੀ. ਪੀ. ਮੌੜ, ਪਰਮਜੀਤ ਸਿੰਘ ਗਿੱਲ ਅਤੇ ਹੁਣ ਬਲਦੇਵ ਸਿੰਘ ਵਾਲੀਆ ਵਰਗੇ ਆਗੂ ਆਪਣੀ ਭੂਮਿਕਾ ਨਿਭਾ ਰਹੇ ਹਨ।ਸੇਲਬਰਾਹ ਦੀ ਧਰਤੀ ਦੇ ਇਸ ਸਪੂਤ ਨੇ ਪਰਦੇਸੀ ਵਸੇ ਭਾਰਤੀਆਂ ਲਈ ਪੰਜਾਬ ਸਰਕਾਰ ਦੀ ਆਪਣਾ ਪਿੰਡ ਅਪਣਾਓ ਵਿਉਂਤ ਅਧੀਨ ਉਹਨਾ ਲਾਇਬ੍ਰੇਰੀ ਖਾਤਰ ਪੰਜਾਬ ਸਰਕਾਰ ਤੋਂ ਬਣਦੇ 15 ਲੱਖ ਰੁਪਏ ਲੈਣ ਵਾਸਤੇ ਆਪਣੇ 25 ਫੀਸਦੀ ਯਾਨੀ 5 ਲੱਖ ਰੁਪਏ ਦਿੱਤੇ । ਇਸੇ ਤਰਾਂ ਬਹੁਤ ਤਰ੍ਹਾਂ ਦੀ ਸਹਾਇਤਾ ਪਿੰਡ ਵਾਸੀਆਂ ਲਈ ਦਿੱਤੀ।

ਕਾਮਰੇਡ ਰੂਪ ਸਿੰਘ ਰੂਪਾ ਦੀ ਸੰਘਰਸ਼ਮਈ ਵਿਰਾਸਤ ਨੂੰ ਸਲਾਮ!

**# ਸੰਪਰਕ : +91 99884-91002**

# ਹਰ ਵਾਰਡ ਦਾ ਸਰਬਪੱਖੀ ਵਿਕਾਸ ਸਾਡੀ ਸਭ ਤੋਂ ਵੱਡੀ ਤਰਜੀਹ : ਡਾ. ਅਰੋੜਾ

## ਵਾਰਡ ਨੰਬਰ 49 'ਚ ਇੰਟਰਲਾਕ ਗਲੀਆਂ ਦਾ ਕੰਮ ਸ਼ੁਰੂ



**ਮੋਗਾ (ਇਕਬਾਲ ਸਿੰਘ ਖਹਿਰਾ)** ਹਲਕਾ ਮੋਗਾ ਵਿੱਚ ਵਿਕਾਸ ਕਾਰਜਾਂ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰਦਿਆਂ ਵਾਰਡ ਨੰਬਰ 49 ਦੇ ਨਿਊ ਦਸ਼ਮੇਸ਼ ਨਗਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਵੇਂ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ।ਹਲਕਾ ਮੋਗਾ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਸੀਨੀਅਰ ਡਿਪਟੀ ਮੇਅਰ ਰਾਕੇਸ਼ ਬਜਾਜ ਤੇ ਸਬੰਧਤ ਵਾਰਡ ਦੇ ਕੌਂਸਲਰ ਰਾਜ ਕੁਮਾਰ ਮਖੀਜਾ ਦੀ ਮੌਜੂਦਗੀ ਵਿੱਚ ਲਗਭਗ 49 ਲੱਖ 77 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਇੰਟਰਲਾਕ ਗਲੀਆਂ ਦੇ ਨਿਰਮਾਣ ਕਾਰਜ ਦਾ ਰਸਮੀ ਤੌਰ 'ਤੇ ਉਦਘਾਟਨ ਕੀਤਾ।ਇਸ ਮੌਕੇ ਵਾਰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੋਗਾ ਸ਼ਹਿਰ ਦੇ ਹਰੇਕ ਵਾਰਡ ਦਾ ਬਿਨਾਂ ਕਿਸੇ ਭੇਦਭਾਵ ਤੋਂ ਸਰਵਪੱਖੀ ਵਿਕਾਸ ਕਰਵਾਉਣਾ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਮੁੱਖ ਵਚਨਬੱਧਤਾ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਬਿਹਤਰ ਸੜਕੀ ਨੈੱਟਵਰਕ, ਸਾਫ਼ ਪੀਣ ਵਾਲਾ ਪਾਣੀ, ਸੁਚਾਰੂ ਸੀਵਰੇਜ ਪ੍ਰਣਾਲੀ ਤੇ ਆਧੁਨਿਕ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦਾ ਮੁੱਖ ਉਦੇਸ਼ ਹੈ।ਉਨ੍ਹਾਂ ਕਿਹਾ ਕਿ ਨਿਊ ਦਸ਼ਮੇਸ਼ ਨਗਰ ਦੀਆਂ ਇਨ੍ਹਾਂ ਗਲੀਆਂ ਦੇ ਨਿਰਮਾਣ ਨਾਲ ਇਲਾਕਾ ਵਾਸੀਆਂ ਤੇ ਇੱਥੋਂ ਲੰਘਣ ਵਾਲੇ ਰਾਹਗੀਰਾਂ ਨੂੰ ਲੰਬੇ ਸਮੇਂ ਤੋਂ ਆ ਰਹੀ ਸਮੱਸਿਆ ਤੋਂ ਪੱਕੇ ਤੌਰ 'ਤੇ ਰਾਹਤ ਮਿਲੇਗੀ।ਇਸ ਨਾਲ ਆਵਾਜਾਈ ਵਧੇਰੇ ਸੁਖਾਲੀ ਅਤੇ ਸੁਰੱਖਿਅਤ ਹੋਵੇਗੀ।ਡਾ. ਅਰੋੜਾ ਨੇ ਅੱਗੇ ਕਿਹਾ ਕਿ ਪਿਛਲੇ ਕਈ ਦਹਾਕਿਆਂ ਤੋਂ ਵਿਕਾਸ ਪੱਖੋਂ ਅਣਗੌਲੇ ਰਹੇ ਇਲਾਕਿਆਂ ਵਿੱਚ ਪੜਾਅਵਾਰ ਢੰਗ ਨਾਲ ਵਿਕਾਸ ਪ੍ਰਾਜੈਕਟ ਸ਼ੁਰੂ ਕੀਤੇ ਜਾ ਰਹੇ ਹਨ।ਮੋਗਾ ਨੂੰ ਇੱਕ ਆਦਰਸ਼ ਤੇ ਸੁੰਦਰ ਸ਼ਹਿਰ ਬਣਾਉਣ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਮੌਕੇ 'ਤੇ ਮੌਜੂਦ ਨਿਰਮਾਣ ਏਜੰਸੀ ਤੇ ਸਬੰਧਤ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਕਿ ਗਲੀਆਂ ਦੇ ਨਿਰਮਾਣ ਦੌਰਾਨ ਗੁਣਵੱਤਾ ਦੇ ਮਾਪਦੰਡਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇ ਤੇ ਕੰਮ ਨਿਰਧਾਰਤ ਸਮਾਂ ਸੀਮਾ ਅੰਦਰ ਮੁਕੰਮਲ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਜਲਦੀ ਤੋਂ ਜਲਦੀ ਰਾਹਤ ਮਿਲ ਸਕੇ।ਇਸ ਮੌਕੇ ਸੀਨੀਅਰ ਡਿਪਟੀ ਮੇਅਰ ਰਾਕੇਸ਼ ਬਜਾਜ ਤੇ ਵਾਰਡ ਕੌਂਸਲਰ ਰਾਜ ਕੁਮਾਰ ਮਖੀਜਾ ਨੇ ਵਾਰਡ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਕਰਨ ਲਈ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਧੰਨਵਾਦ ਕੀਤਾ, ਉੱਥੇ ਹੀ ਵਾਰਡ ਦੇ ਸਥਾਨਕ ਵਸਨੀਕਾਂ ਨੇ ਵੀ ਵਿਕਾਸ ਕਾਰਜਾਂ ਦੀ ਸ਼ੁਰੂਆਤ 'ਤੇ ਵਿਧਾਇਕ ਦਾ ਨਿੱਘਾ ਸਵਾਗਤ ਕਰਦਿਆਂ ਧੰਨਵਾਦ ਪ੍ਰਗਟਾਇਆ।ਇਸ ਮੌਕੇ ਵੱਡੀ ਗਿਣਤੀ ਵਿੱਚ ਵਾਰਡ ਵਾਸੀ, ਪਤਵੰਤੇ ਤੇ ਪਾਰਟੀ ਦੇ ਅਹੁਦੇਦਾਰ ਮੌਜੂਦ ਸਨ।

# ਸੜਕ ਦਾ ਕੰਮ ਅੱਧ-ਵਿਚਕਾਰ ਛੱਡ ਕੇ ਠੇਕੇਦਾਰ ਫ਼ਰਾਰ

## ਪ੍ਰਸ਼ਾਸਨ ਤੇ ਸਿਆਸੀ ਆਗੂ ਬਣੇ ਮੂਕ ਦਰਸ਼ਕ, ਲੋਕ ਪ੍ਰੇਸ਼ਾਨ



**ਬਰੇਟਾ (ਰੀਤਵਾਲ)**-'ਅੰਨ੍ਹੀਂ ਪੀਹੇ ਤੇ ਕੁੱਤਾ ਚੱਟੇ' ਵਾਲੀ ਕਹਾਵਤ ਸ਼ਹਿਰ ਵਿੱਚ ਸੱਚ ਹੁੰਦੀ ਨਜ਼ਰ ਆ ਰਹੀ ਹੈ।ਸ਼ਹਿਰ ਵਿੱਚ ਚੱਲ ਰਹੇ ਦਿਆਲਪੁਰਾ ਰੋਡ 'ਤੇ ਸੜਕ ਦੇ ਨਿਰਮਾਣ ਕਾਰਜ ਨੂੰ ਠੇਕੇਦਾਰ ਵੱਲੋਂ ਅੱਧ ਵਿਚਕਾਰ ਹੀ ਛੱਡ ਕੇ ਰਫੂ ਚੱਕਰ ਹੋ ਜਾਣ ਕਾਰਨ ਲੋਕ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ, ਪਰ ਪ੍ਰਸ਼ਾਸਨ ਤੇ ਸਿਆਸੀ ਆਗੂ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖ ਰਹੇ ਹਨ।ਜਾਣਕਾਰੀ ਅਨੁਸਾਰ ਕੁਝ ਕੁ ਮਹੀਨੇ ਪਹਿਲਾਂ ਸੜਕ ਦੀ ਪੁਟਾਈ ਕਰਕੇ ਕੰਮ ਸ਼ੁਰੂ ਤਾਂ ਕਰ ਦਿੱਤਾ ਗਿਆ, ਪਰ ਕੁਝ ਸਮੇਂ ਬਾਅਦ ਠੇਕੇਦਾਰ ਮਸ਼ੀਨਰੀ ਤੇ ਮਜ਼ਦੂਰਾਂ ਸਮੇਤ ਗਾਇਬ ਹੋ ਗਿਆ।ਹੁਣ ਸੜਕ ਟੋਇਆਂ, ਪੱਥਰਾਂ ਤੇ ਧੂੜ-ਮਿੱਟੀ ਨਾਲ ਭਰੀ ਪਈ ਹੈ।ਰੋਜ਼ਾਨਾ ਇੱਥੋਂ ਲੰਘਣ ਵਾਲੇ ਦੋ-ਪਹੀਆ ਵਾਹਨ ਚਾਲਕ, ਸਕੂਲੀ ਬੱਚੇ, ਬਜ਼ੁਰਗ ਤੇ ਦੁਕਾਨਦਾਰ ਪ੍ਰੇਸ਼ਾਨ ਹਨ।ਬਰਸਾਤ ਵਿੱਚ ਇਹ ਸੜਕ ਛੱਪੜ ਦਾ ਰੂਪ ਧਾਰ ਲੈਂਦੀ ਹੈ, ਜਿਸ ਕਾਰਨ ਹਾਦਸਿਆਂ ਦਾ ਖ਼ਤਰਾ ਬਣਿਆ ਰਹਿੰਦਾ ਹੈ।ਸਥਾਨਕ ਦੁਕਾਨਦਾਰਾਂ ਨੇ ਦੱਸਿਆ ਕਿ ਧੂੜ-ਮਿੱਟੀ ਕਾਰਨ ਉਨ੍ਹਾਂ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਤੇ ਗਾਹਕ ਆਉਣੋਂ ਹਟ ਗਏ ਹਨ।ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਉਹ ਕਈ ਵਾਰ ਸਬੰਧਤ ਵਿਭਾਗ ਤੇ ਅਧਿਕਾਰੀਆਂ ਨੂੰ ਮਿਲ ਚੁੱਕੇ ਹਨ, ਪਰ ਸਿਰਫ਼ ਭਰੋਸੇ ਹੀ ਮਿਲੇ ਹਨ, ਕੰਮ ਸ਼ੁਰੂ ਨਹੀਂ ਹੋਇਆ।ਲੋਕਾਂ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਚੋਣਾਂ ਸਮੇਂ ਵੋਟਾਂ ਮੰਗਣ ਆਉਣ ਵਾਲੇ ਸਿਆਸੀ ਆਗੂ ਹੁਣ ਇਸ ਗੰਭੀਰ ਮਸਲੇ 'ਤੇ ਚੁੱਪ ਧਾਰੀ ਬੈਠੇ ਹਨ।ਪ੍ਰਸ਼ਾਸਨ ਵੱਲੋਂ ਨਾ ਤਾਂ ਠੇਕੇਦਾਰ ਵਿਰੁੱਧ ਕੋਈ ਕਾਰਵਾਈ ਕੀਤੀ ਗਈ ਹੈ ਤੇ ਨਾ ਹੀ ਕੰਮ ਮੁਕੰਮਲ ਕਰਵਾਉਣ ਲਈ ਕੋਈ ਬਦਲਵਾਂ ਪ੍ਰਬੰਧ ਕੀਤਾ ਗਿਆ ਹੈ।ਸ਼ਹਿਰ ਵਾਸੀਆਂ ਨੇ ਮੰਗ ਕੀਤੀ ਹੈ ਕਿ ਠੇਕੇਦਾਰ ਵਿਰੁੱਧ ਸਖ਼ਤ ਕਾਰਵਾਈ ਕਰਕੇ ਉਸ ਨੂੰ ਬਲੈਕਲਿਸਟ ਕੀਤਾ ਜਾਵੇ ਤੇ ਸੜਕ ਦਾ ਕੰਮ ਤੁਰੰਤ ਮੁਕੰਮਲ ਕਰਵਾਇਆ ਜਾਵੇ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਜਲਦ ਕੋਈ ਕਾਰਵਾਈ ਨਾ ਹੋਈ ਤਾਂ ਉਹ ਸੰਘਰਸ਼ ਦਾ ਰਾਹ ਅਪਣਾਉਣ ਲਈ ਮਜਬੂਰ ਹੋਣਗੇ।

# ਡੀ ਬੀ ਯੂ ਵੱਲੋਂ ਪੰਜਾਬ ਦੀ ਸੱਭਿਆਚਾਰਕ ਤੇ ਅਧਿਆਤਮਕ ਵਿਰਾਸਤ ਬਾਰੇ ਕਰਾਈ ਦੋ ਰੋਜ਼ਾ ਕੌਮੀ ਗੋਸ਼ਟੀ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਦੀ ਫੈਕਲਟੀ ਆਫ ਲਿਬਰਲ ਆਰਟਸ ਵੱਲੋਂ ਭਾਰਤੀ ਇਤਿਹਾਸਕ ਖੋਜ ਪ੍ਰੀਸ਼ਦ ਦੇ ਸਹਿਯੋਗ ਨਾਲ 'ਪੰਜਾਬ ਵਿੱਚ ਸੱਭਿਆਚਾਰ, ਅਧਿਆਤਮਕਤਾ ਤੇ ਧਰਮ' ਵੱਖ-ਵੱਖ ਇਤਿਹਾਸਕ ਕਾਲਾਂ ਦੇ ਪ੍ਰਸੰਗ 'ਚ ਵਿਸ਼ੇ ਉੱਤੇ ਦੋ ਰੋਜ਼ਾ ਕੌਮੀ ਗੋਸ਼ਟੀ ਕਰਾਈ ਗਈ।ਇਸ ਗੋਸ਼ਟੀ ਵਿੱਚ ਵਿਦਵਾਨਾਂ, ਇਤਿਹਾਸਕਾਰਾਂ, ਖੋਜਾਰਥੀਆਂ ਤੇ ਅਕਾਦਮਿਕ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕਰਦਿਆਂ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ, ਧਾਰਮਿਕ ਪ੍ਰੰਪਰਾਵਾਂ ਤੇ ਇਤਿਹਾਸਕ ਵਿਕਾਸ ਦੇ ਵੱਖ-ਵੱਖ ਪੱਖਾਂ ਬਾਰੇ ਵਿਚਾਰ-ਵਟਾਂਦਰਾ ਕੀਤਾ।ਯੂਨੀਵਰਸਿਟੀ ਦੇ ਮਹਾਪ੍ਰਗਿਆ ਹਾਲ ਤੇ ਰਬਾਬ ਕਾਨਫਰੰਸ ਹਾਲ ਵਿੱਚ ਹੋਈ ਇਸ ਗੋਸ਼ਟੀ ਦੌਰਾਨ ਉਦਘਾਟਨੀ, ਵਿਸ਼ਾ-ਵਾਰ ਅਤੇ ਸਮਾਪਤੀ ਸੈਸ਼ਨ ਕਰਾਏ ਗਏ।ਇਨ੍ਹਾਂ ਸੈਸ਼ਨਾਂ 'ਚ ਪੰਜਾਬ ਦੀ ਸੱਭਿਆਚਾਰਕ ਪਛਾਣ ਦੇ ਇਤਿਹਾਸਕ ਤੇ ਸਮਕਾਲੀ ਪੱਖਾਂ ਬਾਰੇ ਵਿਚਾਰ ਸਾਂਝੇ ਕੀਤੇ ਗਏ।ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਡੀਬੀਯੂ ਦੇ ਕੁਲਪਤੀ ਡਾ. ਜ਼ੋਰਾ ਸਿੰਘ ਨੇ ਵਰਚੁਅਲ ਮਾਧਿਅਮ ਰਾਹੀਂ ਕੀਤੀ।ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ, ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਅਤੇ ਪ੍ਰਬੰਧਕੀ ਬੋਰਡ ਦੇ ਮੈਂਬਰ ਡਾ. ਹਰਦੇਵ ਸਿੰਘ ਸਮੇਤ ਹੋਰ ਪਤਵੰਤੇ ਮੌਜੂਦ ਸਨ।ਖੋਜ ਤੇ ਵਿਕਾਸ ਕੇਂਦਰ (ਆਰਡੀਸੀ) ਦੇ ਡੀਨ ਪ੍ਰੋਫੈਸਰ (ਡਾ.) ਅਜੈ ਬੱਤਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ, ਜਦਕਿ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋਫੈਸਰ (ਡਾ.) ਹਰਸ਼ ਸਦਾਵਰਤੀ ਨੇ ਉਦਘਾਟਨੀ ਭਾਸ਼ਣ ਦਿੱਤਾ।ਨਾਮਧਾਰੀ ਲਹਿਰ ਨੂੰ ਸਮਰਪਤ ਸੈਸ਼ਨ ਵਿੱਚ ਨਾਮਧਾਰੀ ਦਰਬਾਰ ਨਾਲ ਜੁੜੇ ਵਿਦਵਾਨ ਡਾ. ਐੱਸ. ਐੱਸ. ਵਿਰਕ ਨੇ ਭਾਸ਼ਣ ਦਿੱਤਾ ਤੇ ਖੋਜ-ਪੱਤਰ ਵੀ ਪੇਸ਼ ਕੀਤੇ ਗਏ।ਇੱਕ ਹੋਰ ਸੈਸ਼ਨ ਵਿੱਚ ਪੰਜਾਬ ਦੀਆਂ ਧਾਰਮਿਕ ਪ੍ਰੰਪਰਾਵਾਂ ਦੇ ਇਤਿਹਾਸਕ ਵਿਕਾਸ ਤੇ ਆਪਸੀ ਸਾਂਝ ਬਾਰੇ ਵਿਚਾਰ ਕੀਤਾ ਗਿਆ।ਇਸ ਦੌਰਾਨ ਪੰਜਾਬ ਦੀ ਵਿਭਿੰਨ ਅਧਿਆਤਮਿਕ ਅਤੇ ਦਾਰਸ਼ਨਿਕ ਵਿਰਾਸਤ ਨੂੰ ਉਜਾਗਰ ਕੀਤਾ ਗਿਆ।ਇੱਕ ਸਮਾਂਤਰ ਸੈਸ਼ਨ ਵਿੱਚ 1947 ਦੀ ਦੇਸ਼ ਵੰਡ ਦੇ ਸਮਾਜਿਕ-ਸੱਭਿਆਚਾਰਕ ਨਤੀਜਿਆਂ ਦਾ ਅਧਿਐਨ ਕੀਤਾ ਗਿਆ। ਇਸ 'ਚ ਵੰਡ ਕਾਰਨ ਭਾਈਚਾਰਿਆਂ, ਪਰਿਵਾਰਾਂ, ਸਮਾਜਿਕ ਰਿਸ਼ਤਿਆਂ ਤੇ ਸੱਭਿਆਚਾਰਕ ਪਛਾਣਾਂ ਉੱਤੇ ਪਏ ਪ੍ਰਭਾਵਾਂ ਬਾਰੇ ਵਿਚਾਰ-ਵਟਾਂਦਰਾ ਹੋਇਆ।ਵੱਖ-ਵੱਖ ਸੈਸ਼ਨਾਂ ਵਿੱਚ ਖੋਜ-ਪੱਤਰਾਂ ਦੀ ਪੇਸ਼ਕਾਰੀ ਨੇ ਵਿਦਵਾਨਾਂ ਨੂੰ ਗਿਆਨ ਸਾਂਝਾ ਕਰਨ ਅਤੇ ਵੱਖ-ਵੱਖ ਅਕਾਦਮਿਕ ਵਿਸ਼ਿਆਂ ਦੇ ਆਪਸੀ ਤਾਲਮੇਲ ਰਾਹੀਂ ਵਿਚਾਰ-ਚਰਚਾ ਕਰਨ ਲਈ ਮੰਚ ਪ੍ਰਦਾਨ ਕੀਤਾ।ਸਮਾਪਤੀ ਸੈਸ਼ਨ ਵਿੱਚ ਡੀਬੀਯੂ ਦੇ ਚਾਂਸਲਰ ਡਾ. ਜ਼ੋਰਾ ਸਿੰਘ ਵਰਚੁਅਲ ਮਾਧਿਅਮ ਰਾਹੀਂ ਸ਼ਾਮਲ ਹੋਏ, ਜਦਕਿ ਡਾ. ਹਰਦੇਵ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

## ਕਾਤਰਾਂ

### ਅਕਾਲੀ ਫੂਲਾ ਸਿੰਘ ਦਾ ਜੀਵਨ ਆਦਰਸ਼ ਸਮਾਜ ਲਈ ਪ੍ਰੇਰਨਾਸਰੋਤ : ਡਾ. ਤੇਜਵੰਤ ਮਾਨ

**ਸੰਗਰੂਰ (ਪ੍ਰਵੀਨ ਸਿੰਘ)**-ਅਕਾਲੀ ਫੂਲਾ ਸਿੰਘ ਜੀ ਨਿੰਡਰ, ਦਲੇਰ, ਬਹਾਦਰੀ ਤੇ ਸ਼ਹਾਦਤ ਦਾ ਸੰਗਮ ਸਨ।ਸਿੱਖ ਧਰਮ ਲਈ ਉਨ੍ਹਾ ਦੀ ਕੁਰਬਾਨੀ ਸੈਂਕੜੇ ਸਾਲਾਂ ਤੋਂ ਪ੍ਰੇਰਿਤ ਕਰ ਰਹੀ ਹੈ।ਅਜਿਹੇ ਸ਼ਹੀਦਾਂ ਤੇ ਬਹਾਦਰਾਂ ਦੇ ਜੀਵਨ ਆਦਰਸ਼ ਸਮਾਜ ਲਈ ਪ੍ਰੇਰਨਾ ਸਰੋਤ ਹਨ।ਡਾ. ਭਗਵੰਤ ਸਿੰਘ ਤੇ ਸੰਦੀਪ ਸਿੰਘ ਦੀ ਪੁਸਤਕ ਅਕਾਲੀ ਫੂਲਾ ਸਿੰਘ ਬਹੁਤ ਸਾਰੇ ਸੰਕਲਪਾਂ ਨੂੰ ਅਗਰਭੂਮਿਤ ਕਰਦੀ ਹੈ।ਡਾ. ਭਗਵੰਤ ਸਿੰਘ ਹੁਰਾਂ ਦਾ ਕਾਰਜ ਸ਼ਲਾਘਾਯੋਗ ਹੈ।ਇਹ ਭਾਵ ਡਾ. ਤੇਜਵੰਤ ਮਾਨ ਸਹਿਤ ਰਤਨ ਨੇ ਡਾ. ਭਗਵੰਤ ਸਿੰਘ ਵੱਲੋਂ ਉਨ੍ਹਾ ਨੂੰ ਪੁਸਤਕ ਦੀ ਪਹਿਲੀ ਕਾਪੀ ਭੇਟ ਕਰਨ ਸਮੇਂ ਪ੍ਰਗਟ ਕੀਤੇ।ਇਸ ਮੌਕੇ ਡਾ. ਤੇਜਾ ਸਿੰਘ ਤਿਲਕ, ਗੁਰਨਾਮ ਸਿੰਘ ਤੇ ਹਰਮੇਲ ਸਿੰਘ ਨੇ ਵਿਚਾਰ ਪ੍ਰਗਟ ਕੀਤੇ।ਡਾ. ਵਿਕਾਸਪੁਰੀ, ਐਡਵੋਕੇਟ ਜਗਦੀਪ ਸਿੰਘ ਗੰਧਾਰਾ, ਐਡਵੋਕੋਟ ਦੀਪਕ ਸ਼ਰਮਾ, ਹਰਵਿੰਦਰ ਸਿੰਘ ਸਮੇਤ ਅਨੇਕਾਂ ਚਿੰਤਕ ਹਾਜ਼ਰ ਸਨ।

### ਢਾਈ ਕੁਇੰਟਲ ਮਿਲਾਵਟੀ ਮਾਵਾ ਬਰਾਮਦ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਫੂਡ ਸੇਫਟੀ ਪ੍ਰਸ਼ਾਸਨ ਪੰਜਾਬ ਤੇ ਸਿਵਲ ਸਰਜਨ ਦਫ਼ਤਰ ਵੱਲੋਂ ਲੋਕਾਂ ਨੂੰ ਸੁਰੱਖਿਅਤ ਤੇ ਮਿਆਰੀ ਖਾਧ ਪਦਾਰਥ ਮੁਹੱਈਆ ਕਰਾਉਣ ਦੇ ਉਦੇਸ਼ ਨਾਲ ਮਿਲਾਵਟਖੋਰੀ ਨੂੰ ਰੋਕਣ ਲਈ ਲਗਾਤਾਰ ਜਾਂਚ ਮੁਹਿੰਮ ਚਲਾਈ ਜਾ ਰਹੀ ਹੈ।ਸਿਵਲ ਸਰਜਨ ਡਾ. ਕਵਿਤਾ ਸਿੰਘ ਦੇ ਨਿਰਦੇਸ਼ਾਂ ਹੇਠ ਫੂਡ ਸੇਫਟੀ ਅਫ਼ਸਰ ਹਰਵਿੰਦਰ ਸਿੰਘ ਤੇ ਉਨ੍ਹਾਂ ਦੀ ਟੀਮ ਵੱਲੋਂ ਅਬੋਹਰ ਗੰਗਾਨਗਰ ਹਾਈਵੇਅ 'ਤੇ ਨਾਕਾ ਲਾ ਕੇ ਟਰਾਂਸਪੋਰਟ ਵਾਹਨਾਂ ਦੀ ਚੈਕਿੰਗ ਕੀਤੀ ਗਈ।ਇਸ ਦੌਰਾਨ ਰਾਤ 1 ਵਜੇ ਰਾਜਸਥਾਨ ਤੋਂ ਲਿਆਂਦਾ ਜਾ ਰਿਹਾ ਲਗਭਗ 250 ਕਿਲੋ ਸ਼ੱਕੀ ਮਿਲਾਵਟੀ ਮਾਵਾ ਬਰਾਮਦ ਕੀਤਾ ਗਿਆ।ਫੂਡ ਸੇਫਟੀ ਟੀਮ ਵੱਲੋਂ ਸਬੰਧਤ ਮਾਵੇ ਨੂੰ ਜ਼ਬਤ ਕਰ ਲਿਆ ਗਿਆ ਹੈ ਤੇ ਸਾਰੀ ਸਮੱਗਰੀ ਨੂੰ ਜ਼ਬਤੀ ਅਧੀਨ ਰੱਖਿਆ ਗਿਆ ਹੈ।ਉਹਨਾਂ ਦੱਸਿਆ ਕਿ ਮਾਵੇ ਦੀ ਗੁਣਵੱਤਾ ਦੀ ਜਾਂਚ ਲਈ ਇਸ ਦਾ ਸੈਂਪਲ ਲੈ ਕੇ ਫੂਡ ਲੈਬਾਰਟਰੀ ਵਿੱਚ ਵਿਸ਼ਲੇਸ਼ਣ ਲਈ ਭੇਜ ਦਿੱਤਾ ਗਿਆ ਹੈ। ਲੈਬਾਰਟਰੀ ਦੀ ਜਾਂਚ ਰਿਪੋਰਟ ਪ੍ਰਾਪਤ ਹੋਣ ਉਪਰੰਤ ਉਸ ਦੇ ਨਤੀਜਿਆਂ ਦੇ ਆਧਾਰ 'ਤੇ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006 ਅਤੇ ਇਸ ਅਧੀਨ ਬਣੇ ਨਿਯਮਾਂ ਅਨੁਸਾਰ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜਾਂਚ ਰਿਪੋਰਟ ਆਉਣ ਤੱਕ ਜ਼ਬਤ ਕੀਤੀ ਗਈ ਸਾਰੀ ਸਮੱਗਰੀ ਵਿਭਾਗ ਦੇ ਕਬਜ਼ੇ 'ਚ ਰਹੇਗੀ।

### ਵਿਧਾਇਕਾਂ ਤੇ ਮੰਤਰੀਆਂ ਦੇ ਘਰਾਂ ਅੱਗੇ ਪ੍ਰਦਰਸ਼ਨ ਅੱਜ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਾਵਰਕਾਮ ਤੇ ਪੀ ਐਸ ਟੀ ਸੀ ਐਲ ਦੇ ਮੁਲਾਜ਼ਮ ਹੁਣ 21, 22 ਅਕਤੂਬਰ ਨੂੰ ਪੰਜਾਬ ਦੇ ਸਮੂਹ ਦਫ਼ਤਰੀ ਤੇ ਫ਼ੀਲਡ ਮੁਲਾਜ਼ਮ ਦੋ ਦਿਨਾਂ ਦੀ ਸਮੂਹਿਕ ਛੁੱਟੀ ਲੈ ਕੇ ਜ਼ਿਲ੍ਹਾ ਪੱਧਰ ਤੇ ਹੋਣ ਵਾਲੇ ਰੋਸ ਪ੍ਰਦਰਸ਼ਨਾਂ ਵਿੱਚ ਸ਼ਮੂਲੀਅਤ ਕਰਨਗੇ।ਦੋ ਦਿਨਾ ਐਕਸ਼ਨ ਨੂੰ ਸਫ਼ਲ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ ਤਾਂ ਜੁ ਪੰਜਾਬ ਸਰਕਾਰ ਦਾ ਸਮੁੱਚਾ ਕੰਮ ਕਾਜ ਠੱਪ ਕੀਤਾ ਜਾ ਸਕੇ।ਇਸ ਤੋਂ ਇਲਾਵਾ ਨਸ਼ਿਆਂ ਦੇ ਖਿਲਾਫ਼ ਜੰਗ ਲੜਨ ਵਾਲੇ ਸਾਥੀ ਪਰਵਿੰਦਰ ਸਿੰਘ ਝੋਟਾ ਦੀ ਨਸ਼ੇ ਦੇ ਵਪਾਰੀ ਵੱਲੋਂ ਕੀਤੀ ਗਈ ਹੱਤਿਆ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਤੇ ਉਨ੍ਹਾਂ ਦੇ ਪਰਵਾਰ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ। ਐਕਸ਼ਨ ਕਮੇਟੀ ਵੱਲੋਂ ਲੜੇ ਜਾ ਰਹੇ ਸੰਘਰਸ਼ ਦੀ ਹਮਾਇਤ ਕੀਤੀ ਗਈ ਤੇ 19 ਅਕਤੂਬਰ ਨੂੰ ਐਮ.ਐਲ ਏ/ਮੰਤਰੀਆਂ ਦੇ ਖ਼ਿਲਾਫ਼ ਕੀਤੇ ਜਾ ਰਹੇ ਐਕਸ਼ਨ ਦਾ ਪੂਰਨ ਸਮਰਥਨ ਕੀਤਾ ਜਾਵੇ।

# ਢੇਹਾ ਬਸਤੀ ਤੋਂ 5.55 ਗ੍ਰਾਮ ਚਿੱਟੇ ਸਮੇਤ ਮਹਿਲਾ ਤਸਕਰ ਗ੍ਰਿਫ਼ਤਾਰ



**ਨਾਭਾ (ਅਮਨ ਗਰਗ)**-ਨਸ਼ਾ ਤਸਕਰਾਂ ਖ਼ਿਲਾਫ਼ ਵੱਡੀ ਮੁਹਿੰਮ ਤਹਿਤ ਪੁਲਸ ਨੂੰ ਉਸ ਸਮੇਂ ਇੱਕ ਵੱਡੀ ਸਫ਼ਲਤਾ ਮਿਲੀ, ਜਦੋਂ ਮੁਸ਼ਤੈਦ ਪੁਲਸ ਪਾਰਟੀ ਨੇ ਢੇਹਾ ਬਸਤੀ ਅਲੋਹਰਾਂ ਗੇਟ ਤੋਂ ਇੱਕ ਮਹਿਲਾ ਨੂੰ 5.55 ਗ੍ਰਾਮ ਚਿੱਟੇ (ਹੈਰੋਇਨ) ਸਮੇਤ ਕਾਬੂ ਕਰ ਲਿਆ।ਫੜੀ ਗਈ ਔਰਤ ਦੀ ਪਛਾਣ ਸਪਨਾ ਪਤਨੀ ਗੋਬਿੰਦ, ਵਾਸੀ ਢੇਹਾ ਬਸਤੀ, ਅਲੋਹਰਾਂ ਗੇਟ ਵਜੋਂ ਹੋਈ ਹੈ।ਥਾਣਾ ਕੋਤਵਾਲੀ ਦੇ ਐਸ.ਐਚ.ਓ. ਗੁਰਪਿੰਦਰ ਸਿੰਘ ਦੀ ਅਗਵਾਈ ਹੇਠ, ਸਹਾਇਕ ਥਾਣੇਦਾਰ ਮੋਹਨ ਸਿੰਘ ਤੇ ਪੁਲਿਸ ਪਾਰਟੀ ਇਲਾਕੇ ਵਿੱਚ ਸ਼ੱਕੀ ਤੇ ਭੈੜੇ ਪੁਰਸ਼ਾਂ ਦੀ ਭਾਲ ਦੇ ਸੰਬੰਧ ਵਿੱਚ ਗਸ਼ਤ 'ਤੇ ਸੀ।ਜਦੋਂ ਪੁਲਸ ਪਾਰਟੀ ਅਲੋਹਰਾਂ ਗੇਟ ਸਥਿਤ ਢੇਹਾ ਬਸਤੀ ਕੋਲ ਮੌਜੂਦ ਸੀ, ਤਾਂ ਉੱਥੇ ਇੱਕ ਘਰ ਦੇ ਵਿਹੜੇ ਵਿੱਚ ਖੜੀ ਉਕਤ ਔਰਤ ਪੁਲਸ ਨੂੰ ਵੇਖ ਕੇ ਘਬਰਾ ਗਈ।

ਸ਼ੱਕ ਦੇ ਅਧਾਰ 'ਤੇ ਜਦੋਂ ਪੁਲਸ ਪਾਰਟੀ ਵੱਲੋਂ ਉਸ ਦੀ ਚੈਕਿੰਗ ਕੀਤੀ ਗਈ, ਤਾਂ ਉਸ ਕੋਲੋਂ 5.55 ਗ੍ਰਾਮ ਚਿੱਟਾ ਬਰਾਮਦ ਹੋਇਆ।ਥਾਣਾ ਮੁਖੀ ਗੁਰਪਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮ ਔਰਤ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰਕੇ ਉਸ ਦੇ ਖ਼ਿਲਾਫ਼ ਥਾਣਾ ਕੋਤਵਾਲੀ ਵਿਖੇ ਐਫ.ਆਈ.ਆਰ. ਨੰਬਰ 157, ਮਿਤੀ 17 ਅਕਤੂਬਰ 2026 ਅਧੀਨ 21/61/85 ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ।

# ਖ਼ੁਸ਼ੀ ਮੁਹੰਮਦ ਮਨਾਵਾਂ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ



**ਮੋਗਾ (ਇਕਬਾਲ ਸਿੰਘ ਖਹਿਰਾ)**-ਜਨਾਬ ਖੁਸ਼ੀ ਮੁਹੰਮਦ, ਜੋ 8 ਅਕਤੂਬਰ ਅੱਲ੍ਹਾ-ਤਾਲਾ ਦੇ ਹੁਕਮ ਅਨੁਸਾਰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਸਨ, ਉਨ੍ਹਾਂ ਦੀ ਰੂਹ ਦੇ ਸਕੂਨ ਤੇ ਬਖਸ਼ਿਸ਼ ਲਈ ਦੁਆ-ਏ-ਮਗਫ਼ਰਿਤ ਸ਼ਨੀਵਾਰ ਨੂੰ ਛਾਬੜਾ ਪੈਲੇਸ ਕੋਟ ਈਸੇ ਖਾਂ ਵਿਖੇ ਕਰਵਾਈ ਗਈ।ਇਸ ਦੁਆ ਤੇ ਸ਼ਰਧਾਂਜਲੀ ਸਮਾਗਮ ਦੌਰਾਨ ਗਿਆਨੀ ਗੁਰਪਾਸ਼ ਸਿੰਘ ਮਨਾਵਾਂ, ਡਾ. ਨਸੀਰ ਅਖਤਰ ਮਲੇਰਕੋਟਲਾ ਨੇ ਹਾਜ਼ਰੀਨ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਅਸੀਂ ਖ਼ੁਸ਼ੀ ਮੁਹੰਮਦ ਦੀ ਸੋਕ ਮਜਲਸ ਵਿੱਚ ਸ਼ਾਮਲ ਹੋਣ ਲਈ ਆਏ ਹਾਂ, ਜੋ ਆਪਣੀ 93 ਸਾਲ ਉਮਰ ਭੋਗਦੇ ਹੋਏ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ਸਨ।ਜਦੋਂ ਵੀ ਅਸੀਂ ਕਿਸੇ ਦੁੱਖ ਦੀ ਘੜੀ ਵਿੱਚ ਸ਼ਰੀਕ ਹੁੰਦੇ ਹਾਂ ਤਾਂ ਸਾਨੂੰ ਇਹ ਜ਼ਰੂਰ ਵਿਚਾਰਣਾ ਚਾਹੀਦਾ ਹੈ ਕਿ ਸਾਡਾ ਅਕੀਦਾ ਸਾਨੂੰ ਕੀ ਸਿੱਖਿਆ ਦਿੰਦਾ ਹੈ, ਕੀ ਕੋਈ ਅਜਿਹਾ ਮਨੁੱਖ ਜਾਂ ਜੀਵ ਨਹੀਂ ਜੋ ਸਦੀਵੀ ਕਾਲ ਜਿੰਦਾ ਰਹਿ ਸਕੇ।ਹਰ ਮਨੁੱਖ ਦਾ ਸਮਾਂ ਸੀਮਤ ਤੇ ਨਿਸ਼ਚਿਤ ਹੁੰਦਾ ਹੈ ਇੱਕ ਨਾ ਇੱਕ ਦਿਨ ਉਸ ਨੂੰ ਇਸ ਦੁਨੀਆ ਤੋਂ ਰੁਖਸਤ ਹੋਣਾ ਪੈਂਦਾ ਹੈ।ਜੇਕਰ ਕੋਈ ਸਦੀਵੀ ਕਾਲ ਹੈ ਤਾਂ, ਉਹ ਪ੍ਰਮਾਤਮਾ ਹੈ, ਜਿਸ ਨੂੰ ਨਿਰੰਕਾਰ ਅੱਲਾਹ ਤੇ ਵੱਖ ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ।ਧਾਰਮਿਕ ਆਗੂਆਂ ਨੇ ਦੁਆ ਕੀਤੀ ਕਿ ਪ੍ਰਮਾਤਮਾ ਖੁਸ਼ੀ ਮੁਹੰਮਦ ਨੂੰ ਸਦੀਵ ਕਾਲ ਲਈ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।ਇਸ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਮੁਸਲਿਮ ਫਰੰਟ ਪੰਜਾਬ ਦੇ ਪ੍ਰਧਾਨ ਹੰਸਰਾਜ ਮੋਫਰ, ਪ੍ਰੋਫੈਸਰ ਹਸਨ ਸਰਦਾਰ ਮੋਫਰ ਤੇ ਮੁਸਲਿਮ ਫਰੰਟ ਪੰਜਾਬ ਦੇ ਵਿੱਤ ਸਕੱਤਰ ਨੂਰ ਮੁਹੰਮਦ ਲੰਡੇ ਨੇ ਵੀ ਸ਼ਰਧਾਂਜਲੀ ਭੇਟ ਕੀਤੀ।ਆਗੂਆਂ ਨੇ ਕਿਹਾ ਕਿ ਚੰਗਾ ਪਿਤਾ ਉਹੀ ਹੁੰਦਾ ਹੈ, ਜੋ ਆਪਣੀ ਔਲਾਦ ਨੂੰ ਚੰਗੇ ਸੰਸਕਾਰ ਦੇ ਕੇ ਆਪਣੇ ਦੀਨ ਤੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਸਿਖਾਵੇ, ਜੋ ਖ਼ੁਸ਼ੀ ਮੁਹੰਮਦ ਨੇ ਬਖ਼ੂਬੀ ਨਿਭਾਇਆ ਹੈ।

ਦੁਆ -ਏ- ਮਗਫ਼ਰਿਤ ਦੌਰਾਨ ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਡੱਲਾ, ਸਰਪੰਚ ਪਰਮਿੰਦਰ ਸਿੰਘ ਮਨਾਵਾ, ਮੁਸਲਿਮ ਫਰੰਟ ਪੰਜਾਬ ਹਲਕਾ ਨਿਹਾਲ ਸਿੰਘ ਵਾਲਾ ਦੇ ਚੇਅਰਮੈਨ ਡਾ. ਫਕੀਰ ਮੁਹੰਮਦ, ਪੰਜਾਬ ਮੁਸਲਿਮ ਫਰੰਟ ਪੰਜਾਬ ਮੋਗਾ ਇਕਾਈ ਪ੍ਰਧਾਨ ਮੁਹੰਮਦ ਵਿੱਕੀ ਲੰਡੇ, ਬਾਘਾ ਪੁਰਾਣਾ ਦੇ ਪ੍ਰਧਾਨ ਮਿਹਰ ਦੀ ਭੋਲਾ, ਰਮਜ਼ਾਨ ਖਾਨ ਭੋਲਾ ਬਠਿੰਡਾ, ਜੀਵਨ ਲੌਂਗਟ ਮਨਾਵਾਂ, ਬੂਟਾ ਖਾਨ, ਚਿਰਾਗ ਦੀਨ ਆਦਿ ਮੌਜੂਦ ਸਨ।ਸ਼ਰਧਾਂਜਲੀ ਸਮਾਰੋਹ ਦੀ ਸਮਾਪਤੀ ਦੌਰਾਨ ਕਾਰੀਲੁਕਮਾਨ ਮਾਨੂਕੇ ਵੱਲੋਂ ਦੁਆ ਕੀਤੀ ਗਈ।ਸਟੇਜ ਦਾ ਸੰਚਾਲਨ ਮੁਸਲਿਮ ਫਰੰਟ ਪੰਜਾਬ ਦੇ ਵਿੱਤ ਸਕੱਤਰ ਨੂਰ ਮੁਹੰਮਦ ਲੰਡੇ ਵੱਲੋਂ ਬਖੂਬੀ ਚਲਾਉਂਦਿਆਂ ਇਸ ਦੁਆ-ਏ-ਮਗਫ਼ਰਿਤ ਤੇ ਸ਼ਰਧਾਂਜਲੀ ਸਮਾਗਮ ਵਿੱਚ ਪੁੱਜੇ ਪਤਵੰਤਿਆਂ ਦਾ ਪਰਵਾਰ ਵੱਲੋਂ ਧੰਨਵਾਦ ਕੀਤਾ ਗਿਆ।

# ਦਲਬੀਰ ਯੂ ਕੇ ਵੱਲੋਂ 'ਮਾਨ ਦੇ ਮੁਨਾਫ਼ੇ' ਦਾ ਢੀਂਡਸਾ 'ਚ ਘਰ-ਘਰ ਪ੍ਰਚਾਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਦੇ ਆਗੂ ਤੇ ਸਮਾਜ ਸੇਵੀ ਦਲਬੀਰ ਗਿੱਲ ਯੂਕੇ ਨੇ 'ਮਾਨ ਦੇ ਮੁਨਾਫ਼ੇ' ਮੁਹਿੰਮ ਤਹਿਤ ਘਨੌਰ ਹਲਕੇ ਵਿੱਚ ਡੋਰ-ਟੂ-ਡੋਰ ਜਾ ਕੇ ਲੋਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ।ਹਲਕਾ ਘਨੌਰ ਦੇ ਪਿੰਡ ਢੀਂਡਸਾ ਵਿਖੇ ਡੋਰ ਟੂ ਡੋਰ ਪ੍ਰਚਾਰ ਸ਼ੁਰੂ ਕਰਦੇ ਹੋਏ ਇੱਕ ਵਿਸ਼ਾਲ ਇੱਕਠ ਨੂੰ ਸੰਬੋਧਨ ਕਰਦੇ ਹੋਏ ਦਲਬੀਰ ਯੂਕੇ ਵੱਲੋਂ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਕੀਤੇ ਗਏ ਕੰਮਾਂ ਤੇ ਵੱਖ-ਵੱਖ ਲੋਕ ਭਲਾਈ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।ਦਲਬੀਰ ਯੂਕੇ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ ਦੇ ਵੱਖ-ਵੱਖ ਵਰਗਾਂ ਨਾਲ ਸਬੰਧਤ ਲੋਕਾਂ ਲਈ ਕੀਤੇ ਗਏ ਕੰਮਾਂ ਨੂੰ 'ਮਾਨ ਦੇ ਮੁਨਾਫ਼ੇ' ਤਹਿਤ ਘਰ-ਘਰ ਪਹੁੰਚਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮਕਸਦ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਤੇ ਵਿਕਾਸ ਕਾਰਜਾਂ ਬਾਰੇ ਲੋਕਾਂ ਨੂੰ ਜਾਣਕਾਰੀ ਦੇਣਾ ਹੈ।ਉਨ੍ਹਾਂ ਦੱਸਿਆ ਕਿ ਪ੍ਰਚਾਰ ਦਰਮਿਆਨ ਉਨ੍ਹਾਂ ਨੇ ਇੱਕ ਇੱਕ ਘਰ ਜਾ ਕੇ ਕੁੰਢਾ ਖੜਕਾਇਆ ਤੇ ਸਭ ਨੂੰ ਮਾਨ ਦੇ ਮੁਨਾਫੇ ਦਰਮਿਆਨ ਹੋਏ ਲਾਭ ਬਾਰੇ ਜਾਣਕਾਰੀ ਦਿੱਤੀ।ਇਸ ਜਨ-ਸੰਪਰਕ ਮੁਹਿੰਮ ਵਿੱਚ ਸਰਪੰਚ ਲਖਵਿੰਦਰ ਸਿੰਘ, ਸੁਰਿੰਦਰ ਸਿੰਘ, ਦਲਬੀਰ ਸਿੰਘ, ਲਾਡੀ ਸਰਪੰਚ, ਕਿਰਤ ਸਰਪੰਚ ਸੇਹਰਾ, ਪ੍ਰਦੀਪ ਗੰਡਾ ਖੇੜੀ ਪੰਚ, ਲੱਕੀ ਗੋਪਾਲਪੁਰ, ਪਰਵਿੰਦਰ ਸਰਪੰਚ ਬਡੌਲੀ, ਗੁਰਨਾਮ ਸਿੰਘ ਬਡੌਲੀ, ਗੁਰਮੀਤ ਸਿੰਘ ਤੇ ਲਖਵਿੰਦਰ ਸਿੰਘ ਦਾ ਸਮੇਤ ਸਾਥੀ ਭਰਾਵਾਂ ਸਹਿਯੋਗ ਰਿਹਾ।

# ਬਿਜਲੀ ਲਾਈਨ ਦੇ ਵਿਰੋਧ 'ਚ ਡਟੇ ਕਿਸਾਨ

## ਕਿਸਾਨਾਂ ਵੱਲੋਂ ਦਿੱਤਾ ਜਾਣ ਵਾਲਾ ਮੁਆਵਜ਼ਾ ਰੱਦ ਕਰਨ ਦਾ ਐਲਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਆਉਣ ਵਾਲੇ ਸਮੇਂ ਅੰਦਰ ਉੱਤਰੀ ਭਾਰਤ ਵਿੱਚ ਬਿਜਲੀ ਸਪਲਾਈ ਨੂੰ ਹੋਰ ਬੇਹਤਰ ਢੰਗ ਬਣਾਉਣ ਦੇ ਮਕਸਦ ਨਾਲ ਸਥਾਪਿਤ ਕੀਤੇ ਜਾ ਰਹੇ ਬਿਜਲੀ ਟ੍ਰਾਂਸਮਿਸ਼ਨਾਂ ਨੂੰ ਆਪਸ ਵਿੱਚ ਜੋੜਨ ਰਾਜਸਥਾਨ ਤੋਂ ਪਟਿਆਲਾ ਜ਼ਿਲ੍ਹੇ ਦੀ ਸਬ ਡਵੀਜ਼ਨ ਪਾਤੜਾਂ ਦੇ ਪਿੰਡ ਬਣਵਾਲਾ ਵਿਖੇ ਚੱਲ ਰਹੇ ਬਿਜਲੀ ਟਰਾਂਸਮਿਸ਼ਨ ਸਟੇਸ਼ਨ ਨਾਲ ਜੋੜਨ ਦੇ ਮਕਸਦ ਨਾਲ ਕੱਢੀ ਜਾ ਰਹੀ ਬਿਜਲੀ ਦੀ ਸਪਲਾਈ ਲਾਇਨ ਨੂੰ ਕਿਸਾਨਾਂ ਵਿੱਚ ਗੁੱਸਾ ਪਾਇਆ ਜਾ ਰਿਹਾ ਹੈ। ਇਸ ਪ੍ਰਸਤਾਵਿਤ ਬਿਜਲੀ ਲਾਈਨ ਐਕੁਆਇਰ ਕੀਤੀ ਜਾਣ ਵਾਲੀ ਜ਼ਮੀਨ ਦੇ ਦਿੱਤੇ ਜਾਣ ਵਾਲੇ ਮੁਆਵਜ਼ੇ ਨੂੰ ਲੈ ਕੇ ਕਿਸਾਨਾਂ ਵਿੱਚ ਰੋਸ ਹੈ।

ਮਾਮਲੇ ਨੂੰ ਲੈ ਕੇ ਸਬ ਡਵੀਜ਼ਨ ਪਾਤੜਾਂ ਤੇ ਮੂਨਕ ਦੇ ਕਿਸਾਨਾਂ ਦੀ ਮੀਟਿੰਗ ਗੁਰਦੁਆਰਾ ਨਾਨਕਸਰ ਸੇਲਵਾਲਾ ਵਿਖੇ ਹੋਈ, ਜਿਸ ਦੌਰਾਨ ਪ੍ਰਸ਼ਾਸਨ ਵੱਲੋਂ ਇੱਕ ਤਰਫਾ ਕੀਤੇ ਜਾ ਰਹੇ ਫ਼ੈਸਲਿਆਂ ਤਹਿਤ ਦਿੱਤੇ ਜਾ ਰਹੇ ਮੁਆਵਜ਼ੇ ਦੇ ਰੇਟਾਂ ਨੂੰ ਕਿਸਾਨਾਂ ਨੇ ਮੁੱਢੋਂ ਨਕਾਰਦਿਆਂ ਸੰਘਰਸ਼ ਦਾ ਐਲਾਨ ਕੀਤਾ ਹੈ।

ਸੰਘਰਸ਼ ਕਮੇਟੀ ਦੇ ਆਗੂਆਂ ਗੁਰਬਚਨ ਸਿੰਘ ਮੌਲਵੀਵਾਲਾ, ਗੁਰਬਾਜ ਸਿੰਘ ਥੇੜੀ ਤੇ ਹਰਪਾਲ ਸਿੰਘ ਨਵਾਂ ਗਾਉਂ ਨੇ ਦੱਸਿਆ ਕਿ ਕੱਢੀ ਜਾ ਰਹੀ ਇਸ ਲਾਈਨ ਲਈ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਜਿਸ ਵਿੱਚ ਬਿਜਲੀ ਦੇ ਟਾਵਰ ਲਾਉਣ ਤੇ ਬਿਜਲੀ ਦੀਆਂ ਤਾਰਾਂ ਪਾਈਆਂ ਜਾਣੀਆਂ ਹਨ, ਉਸ ਦਾ ਬਹੁਤ ਘੱਟ ਮੁਆਵਜ਼ਾ ਕਿਸਾਨਾਂ ਨੂੰ ਦਿੱਤਾ ਜਾ ਰਿਹਾ ਹੈ, ਜਦੋਂ ਬਹੁਤ ਸਾਰੇ ਕਿਸਾਨਾਂ ਦੀ ਜਮੀਨ ਜਿੱਥੇ ਦੋ ਹਿੱਸਿਆਂ 'ਚ ਵੰਡੀ ਜਾਵੇਗੀ, ਉੱਥੇ ਇਸ ਜ਼ਮੀਨ ਉੱਤੇ ਕਿਸਾਨ ਕਿਸੇ ਵੀ ਤਰ੍ਹਾਂ ਦੀ ਉਸਾਰੀ ਵਗੈਰਾ ਨਹੀਂ ਕਰ ਸਕਣਗੇ।

ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਮੁਆਵਜ਼ੇ ਦੇ ਰੇਟਾਂ ਵਿੱਚ ਵਾਧਾ ਕਰਨ ਦੇ ਨਾਲ-ਨਾਲ ਜਿੰਨਾ ਚਿਰ ਕਿਸਾਨ ਮਿਲਣ ਵਾਲੇ ਮੁਆਵਜ਼ੇ ਦੇ ਸਾਰੇ ਪੈਸੇ ਲਏ ਤੋਂ ਬਿਨਾਂ ਕੰਮ ਨਹੀਂ ਚੱਲਣ ਦਿਆਂਗੇ, ਉਨ੍ਹਾਂ ਪ੍ਰਸ਼ਾਸਨ ਵੱਲੋਂ ਐਲਾਨ ਕੀਤੇ ਗਏ ਰੇਟਾਂ ਨੂੰ ਨਾ ਮਨਜ਼ੂਰ ਕਰਦਿਆਂ ਮੰਗ ਕੀਤੀ ਕਿ ਜਿਹੜੀਆਂ ਜ਼ਮੀਨਾਂ 'ਚ ਬਿਜਲੀ ਦੇ ਟਾਵਰ ਲੱਗਣੇ ਅਤੇ ਤਾਰਾਂ ਪੈਣੀਆਂ ਹਨ। ਉਨ੍ਹਾਂ ਦੀਆਂ ਸਾਂਝੀਆਂ ਖੇਵਟਾਂ ਦਾ ਹੀ ਮਸਲੇ ਹੋਣ ਕਰਕੇ ਵੱਡੇ ਪੱਧਰ ਉੱਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਪਹਿਲ ਦੇ ਆਧਾਰ 'ਤੇ ਸੰਬੰਧਤ ਜ਼ਮੀਨ ਦੀ ਤਕਸੀਮ ਦੇ ਕੇਸਾਂ ਦਾ ਨਿਪਟਾਰਾ ਕਰਕੇ ਹੀ ਕੰਮ ਸ਼ੁਰੂ ਕੀਤਾ ਜਾਵੇ।

# ਪੰਜਾਬ 'ਚ ਅਪਰਾਧਿਕ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਖਸਖਸ ਦੀ ਖੇਤੀ ਜ਼ਰੂਰੀ : ਐਡਵੋਕੇਟ ਗੋਇਲ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸੀਨੀਅਰ ਐਡਵੋਕੇਟ ਚਮਨ ਲਾਲ ਗੋਇਲ ਨੇ ਕਿਹਾ ਕਿ ਪੰਜਾਬ ਵਿੱਚ ਚਿੱਟੇ ਵਰਗੇ ਨਾਮੁਰਾਦ ਨਸ਼ੇ ਦੀ ਗੰਭੀਰ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਰਕਾਰ ਨੂੰ ਠੋਸ ਤੇ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਖਸਖਸ ਦੀ ਖੇਤੀ ਨੂੰ ਕਾਨੂੰਨੀ ਤੌਰ 'ਤੇ ਮਨਜ਼ੂਰੀ ਦੇਣ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਨਵੇਂ ਬਦਲਾਂ ਦੀ ਪੜਚੋਲ ਕੀਤੀ ਜਾ ਸਕੇ।ਐਡਵੋਕੇਟ ਚਮਨ ਲਾਲ ਗੋਇਲ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਦੌਰਾਨ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਵਿਅਕਤੀਆਂ ਦੀ ਸੁਰੱਖਿਆ ਨੂੰ ਲੈ ਕੇ ਵੀ ਗੰਭੀਰ ਸਵਾਲ ਖੜ੍ਹੇ ਹੋਏ ਹਨ।ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖ਼ਿਲਾਫ਼ ਬੋਲਣ ਵਾਲੇ ਲੋਕਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ ਸਨ ਅਤੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਤੇ ਪੰਜਾਬ ਵਿੱਚ ਵਧ ਰਹੀਆਂ ਅਪਰਾਧਿਕ ਘਟਨਾਵਾਂ ਨੂੰ ਠੱਲ੍ਹ ਪਾਉਣਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਖਸਖਸ ਦੀ ਖੇਤੀ ਨੂੰ ਕਾਨੂੰਨੀ ਨਿਯਮਾਂ, ਲੋੜੀਂਦੀਆਂ ਮਨਜ਼ੂਰੀਆਂ ਤੇ ਸਖ਼ਤ ਸਰਕਾਰੀ ਨਿਗਰਾਨੀ ਹੇਠ ਲਿਆਉਣ ਦੀ ਸੰਭਾਵਨਾ ਹੋਵੇ, ਤਾਂ ਇਸ ਬਾਰੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਦੀ ਸਪਲਾਈ ਕਰਨ ਵਾਲੇ ਗੈਰ-ਕਾਨੂੰਨੀ ਨੈੱਟਵਰਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਾਲ-ਨਾਲ ਨਸ਼ਿਆਂ ਦੀ ਲਪੇਟ ਵਿੱਚ ਆਏ ਨੌਜਵਾਨਾਂ ਦੇ ਇਲਾਜ ਤੇ ਮੁੜ ਵਸੇਬੇ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।ਐਡਵੋਕੇਟ ਗੋਇਲ ਨੇ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਰਕਾਰ, ਸਮਾਜਿਕ ਜਥੇਬੰਦੀਆਂ ਤੇ ਆਮ ਲੋਕਾਂ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ।ਉਨ੍ਹਾਂ ਆਸ ਪ੍ਰਗਟਾਈ ਕਿ ਨਸ਼ਿਆਂ ਦੇ ਖ਼ਾਤਮੇ ਲਈ ਪ੍ਰਭਾਵਸ਼ਾਲੀ ਨੀਤੀਆਂ ਬਣਾਈਆਂ ਜਾਣਗੀਆਂ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਹੋ ਸਕੇ ਤੇ ਪੰਜਾਬ ਮੁੜ ਤੋਂ ਰੰਗਲਾ ਪੰਜਾਬ ਬਣ ਸਕੇ।

# ਮ੍ਰਿਤਕਾਂ ਦੇ ਵਾਰਸ ਪਾਵਰਕਾਮ ਦਫ਼ਤਰ ਦੀ ਛੱਤ 'ਤੇ ਡਟੇ, ਤਰਸ ਦੇ ਆਧਾਰ 'ਤੇ ਮੰਗੀ ਨੌਕਰੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕਾਮ) ਦੇ ਮੁੱਖ ਦਫ਼ਤਰ ਦੀ ਸੱਤਵੀਂ ਮੰਜ਼ਿਲ 'ਤੇ ਬੇਰੁਜ਼ਗਾਰ ਮ੍ਰਿਤਕ ਆਸ਼ਰਿਤ ਸੰਘਰਸ਼ ਕਮੇਟੀ ਵੱਲੋਂ ਵਿੱਢਿਆ ਰੋਸ ਪ੍ਰਦਰਸ਼ਨ ਸਤਵੇਂ ਦਿਨ ਵੀ ਲਗਾਤਾਰ ਜਾਰੀ ਰਿਹਾ।ਇਹ ਸੰਘਰਸ਼ ਦੋਹਰੀ ਰਣਨੀਤੀ ਨਾਲ ਲੜਿਆ ਜਾ ਰਿਹਾ ਹੈ।ਇੱਕ ਪਾਸੇ ਪੌਣੀ ਦਰਜਨ ਕਾਰਕੁਨ ਇਮਾਰਤ ਦੀ ਛੱਤ 'ਤੇ ਚੜ੍ਹੇ ਹੋਏ ਹਨ, ਉੱਥੇ ਹੀ ਦੂਜਾ ਗੁੱਟ ਮੁੱਖ ਦਫ਼ਤਰ ਦੇ ਇੱਕ ਨੰਬਰ ਗੇਟ ਨੂੰ ਤਾਲਾ ਜੜ ਕੇ ਭੁੱਖ ਹੜਤਾਲ ਕਰ ਰਿਹਾ ਹੈ।ਇਸ ਸੰਘਰਸ਼ ਦੀ ਸਭ ਤੋਂ ਅਹਿਮ ਗੱਲ ਇਹ ਹੈ ਕਿ ਮੁੱਖ ਦਫ਼ਤਰ ਦੀ ਸਿਖਰਲੀ ਮੰਜ਼ਿਲ 'ਤੇ ਚੜ੍ਹੇ ਕਾਰਕੁਨਾਂ ਵਿੱਚ 12 ਸਾਲ ਦੀ ਬੱਚੀ ਵੀ ਸ਼ਾਮਲ ਹੈ।ਦੀਆ ਕੁਮਾਰੀ ਨਾਂ ਦੀ ਇਹ ਬੱਚੀ ਆਪਣੇ ਮ੍ਰਿਤਕ ਦਾਦੇ ਦੀ ਥਾਂ ਪਿਤਾ ਨੂੰ ਤਰਸ ਦੇ ਆਧਾਰ 'ਤੇ ਨੌਕਰੀ ਦਿਵਾਉਣ ਲਈ ਪ੍ਰਦਰਸ਼ਨ ਦਾ ਹਿੱਸਾ ਬਣੀ ਹੈ। ਦੀਆ ਦੀ ਮਾਂ ਦਾ ਪਹਿਲਾਂ ਹੀ ਦੇਹਾਂਤ ਹੋ ਚੁੱਕਾ ਹੈ।ਇਸੇ ਲਈ ਉਹ ਆਪਣੇ ਬੇਰੁਜ਼ਗਾਰ ਪਿਤਾ ਦਾ ਸਾਥ ਦੇਣ ਵਾਸਤੇ ਛੱਤ ਉੱਤੇ ਚੜ੍ਹੀ ਹੋਈ ਹੈ।ਉਸ ਦੇ ਪਿਤਾ ਸਮੇਤ ਕੁੱਲ ਪੌਣੀ ਦਰਜਨ ਕਾਰਕੁਨ ਛੱਤ ਉੱਤੇ ਹਨ, ਜਿਨ੍ਹਾਂ ਵਿੱਚ ਇੱਕ ਹੋਰ ਔਰਤ ਵੀ ਸ਼ਾਮਲ ਹੈ।ਇਹ ਸਾਰੇ ਕਾਰਕੁਨ ਛੇ ਦਿਨ ਪਹਿਲਾਂ ਪ੍ਰਸ਼ਾਸਨ ਨੂੰ ਝਕਾਨੀ ਦੇ ਕੇ ਪਾਵਰਕਾਮ ਦੀ ਮੁੱਖ ਇਮਾਰਤ ਉੱਤੇ ਚੜ੍ਹ ਗਏ ਸਨ।ਉਹ ਮੀਂਹ ਤੇ ਖਰਾਬ ਮੌਸਮ ਦੇ ਬਾਵਜੂਦ ਆਪਣੇ ਹੱਕਾਂ ਲਈ ਡਟੇ ਹੋਏ ਹਨ। ਹਾਲਾਂਕਿ ਪਿਛਲੇ ਦਿਨੀਂ ਪ੍ਰਸ਼ਾਸਨ ਨਾਲ ਹੋਈ ਗੱਲਬਾਤ ਦੌਰਾਨ ਹਰਪ੍ਰੀਤ ਕੌਰ ਨਾਂਅ ਦੀ ਇੱਕ ਕਾਰਕੁਨ ਹੇਠਾਂ ਉੱਤਰ ਆਈ ਸੀ, ਪਰ ਬਾਕੀ ਸਾਰੇ ਮੈਂਬਰ ਅਜੇ ਵੀ ਛੱਤ ਉੱਤੇ ਮੌਜੂਦ ਹਨ।ਸੰਘਰਸ਼ੀ ਜਥੇਬੰਦੀ ਦੇ ਪ੍ਰਧਾਨ ਚਰਨਜੀਤ ਸਿੰਘ ਬਠਿੰਡਾ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਪਾਵਰਕਾਮ ਮੈਨੇਜਮੈਂਟ ਮ੍ਰਿਤਕਾਂ ਦੇ ਵਾਰਸਾਂ ਨੂੰ ਤਰਸ ਦੇ ਆਧਾਰ ਉੱਤੇ ਨੌਕਰੀਆਂ ਦੇਣ ਦਾ ਫ਼ੈਸਲਾ ਨਹੀਂ ਕਰਦੀ, ਉਦੋਂ ਤੱਕ ਛੱਤ ਤੇ ਗੇਟ ਉੱਤੇ ਲਾਇਆ ਮੋਰਚਾ ਇਸੇ ਤਰ੍ਹਾਂ ਜਾਰੀ ਰਹੇਗਾ।ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਨੇ ਇੱਕ ਵਾਰ ਗੱਲਬਾਤ ਦਾ ਦੌਰ ਸ਼ੁਰੂ ਕੀਤਾ ਸੀ, ਪਰ ਹੁਣ ਉਨ੍ਹਾਂ ਨੇ ਪੂਰੀ ਤਰ੍ਹਾਂ ਚੁੱਪੀ ਵੱਟ ਲਈ ਹੈ।

# ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੀਆਂ ਤਿਆਰੀਆਂ ਆਖ਼ਰੀ ਪੜਾਅ 'ਚ



**ਸਮਾਣਾ/ਦਿੱਲੀ (ਇਕਬਾਲ ਸਿੰਘ ਬੱਲ/ਗੁਰਪਿਆਰ ਸਿੰਘ ਬੱਲ)**

ਸੰਤ ਨਿਰੰਕਾਰੀ ਮਿਸ਼ਨ ਪਟਿਆਲਾ ਜ਼ੋਨ ਤੇ ਜ਼ੋਨਲ ਇੰਚਾਰਜ ਡਾਕਟਰ ਵੀ ਸੀ ਲੂਥਰਾ ਤੇ ਸਮਾਣਾ ਦੇ ਸੰਯੋਜਕ ਸੁਰਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਪਵਿੱਤਰ ਛਤਰ-ਛਾਇਆ ਹੇਠ 79ਵਾਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ 23 ਤੋਂ 26 ਅਕਤੂਬਰ 2026 ਤੱਕ ਸੰਤ ਨਿਰੰਕਾਰੀ ਅਧਿਆਤਮਕ ਸਥਲ ਸਮਾਲਖਾ ਵਿਖੇ ਹੋਣ ਜਾ ਰਿਹਾ ਹੈ।ਦੇਸ਼-ਵਿਦੇਸ਼ ਤੋਂ ਹਜ਼ਾਰਾਂ ਸ਼ਰਧਾਲੂ ਇਸ ਪਵਿੱਤਰ ਮੌਕੇ 'ਤੇ ਇਕੱਠੇ ਹੋ ਕੇ ਸਤਿਸੰਗ, ਸੇਵਾ, ਪਿਆਰ ਤੇ ਭਗਤੀ ਦੇ ਇਸ ਦੈਵੀ ਮਿਲਣ ਵਿੱਚ ਭਾਗੀਦਾਰ ਬਣਨਗੇ।ਸ਼ਰਧਾਲੂਆਂ ਦੀ ਵਧਦੀ ਸ਼ਮੂਲੀਅਤ ਨਾਲ ਸਮਾਗਮ ਸਥਲ ਦੀਆਂ ਤਿਆਰੀਆਂ ਹੁਣ ਆਖ਼ਰੀ ਪੜਾਅ ਵਿੱਚ ਪਹੁੰਚ ਚੁੱਕੀਆਂ ਹਨ।ਸੰਤਾਂ ਦੀ ਨਿਰਸਾਵਰਥ ਸੇਵਾ, ਮਿਹਨਤ ਤੇ ਸਮਰਪਣ ਨਾਲ ਆਮ ਜਿਹਾ ਜਾਪਦਾ ਮੈਦਾਨ ਅੱਜ ਇੱਕ ਦੈਵੀ ਅਧਿਆਤਮਕ ਨਗਰੀ ਦਾ ਸਰੂਪ ਧਾਰਨ ਕਰ ਚੁੱਕਾ ਹੈ।ਵਿਸ਼ਾਲ ਪੰਡਾਲਾਂ ਵਿੱਚ ਸ਼ਰਧਾਲੂਆਂ ਲਈ ਸੁਚੱਜੇ ਪ੍ਰਬੰਧ ਕੀਤੇ ਗਏ ਹਨ।

ਇਸ ਦੇ ਨਾਲ ਹੀ, ਆਧੁਨਿਕ ਐੱਲ.ਈ.ਡੀ. ਸਕ੍ਰੀਨਾਂ ਸਥਾਪਤ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਸਮਾਗਮ ਗਰਾਊਂਡ ਦੇ ਹਰ ਕੋਨੇ ਵਿੱਚ ਬੈਠੇ ਸ਼ਰਧਾਲੂ ਪ੍ਰੇਰਨਾਦਾਇਕ ਪ੍ਰਵਚਨਾਂ, ਭਾਵਪੂਰਨ ਭਜਨਾਂ ਤੇ ਅਧਿਆਤਮਕ ਵਿਚਾਰਾਂ ਨੂੰ ਆਸਾਨੀ ਨਾਲ ਦੇਖ ਤੇ ਸੁਣ ਸਕਣ ਅਤੇ ਸਤਿਸੰਗ ਦੀ ਭਾਵਧਾਰਾ ਨਾਲ ਇੱਕ-ਮਿੱਕ ਹੋ ਸਕਣ।ਇਹ ਸੰਤ ਸਮਾਗਮ ਸਿਰਫ਼ ਇੱਕ ਸਾਲਾਨਾ ਆਯੋਜਨ ਨਹੀਂ, ਸਗੋਂ ਬ੍ਰਹਮ ਗਿਆਨ, ਭਗਤੀ, ਸਮਰਪਣ ਤੇ ਆਤਮਿਕ ਜਾਗ੍ਰਿਤੀ ਦਾ ਪਵਿੱਤਰ ਸੰਗਮ ਹੈ।ਇੱਥੇ ਸ਼ਰਧਾਲੂ ਆਪਣੀ ਅੰਤਰ-ਚੇਤਨਾ ਨੂੰ ਜਾਗ੍ਰਿਤ ਕਰਨ, ਪ੍ਰਮਾਤਮਾ ਨਾਲ ਆਪਣੇ ਸੰਬੰਧ ਨੂੰ ਅਨੁਭਵ ਕਰਨ ਅਤੇ ਵਿਸ਼ਵ-ਭਾਈਚਾਰੇ, ਸਦਭਾਵਨਾ ਤੇ ਨਿਰਸਵਾਰਥ ਸੇਵਾ ਭਾਵ ਤੇ ਮਾਨਵੀ ਮੁੱਲਾਂ ਨੂੰ ਜੀਵਨ ਵਿੱਚ ਅਪਣਾਉਣ ਦੀ ਪ੍ਰੇਰਨਾ ਪ੍ਰਾਪਤ ਕਰਦੇ ਹਨ।ਸੰਤ ਸਮਾਗਮ ਦੀ ਇਹੀ ਭਾਵਨਾ ਮਨੁੱਖ ਨੂੰ ਬਾਹਰੀ ਪ੍ਰਾਪਤੀਆਂ ਤੋਂ ਅੱਗੇ ਵਧ ਕੇ ਆਪਣੇ ਅੰਦਰ ਦੀ ਅਮੀਰੀ ਨੂੰ ਪਛਾਣਨ ਦਾ ਮੌਕਾ ਪ੍ਰਦਾਨ ਕਰਦੀ ਹੈ।ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਸ਼੍ਰੀ ਜੋਗਿੰਦਰ ਸੁਖੀਜਾ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਤਿਗੁਰੂ ਮਾਤਾ ਜੀ ਦੀ ਦੈਵੀ ਪ੍ਰੇਰਨਾ ਤੇ ਆਸ਼ੀਰਵਾਦ ਨਾਲ ਸਮਾਗਮ ਦੇ ਪ੍ਰਬੰਧ ਸੁਚੱਜੇ ਢੰਗ ਨਾਲ ਅੱਗੇ ਵਧ ਰਹੇ ਹਨ।ਸੁਚਾਰੂ ਸੰਚਾਲਨ, ਆਉਣ-ਜਾਣ ਦੀ ਸੌਖ ਅਤੇ ਸ਼ਰਧਾਲੂਆਂ ਨੂੰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੂਰੇ ਪਰਿਸਰ ਨੂੰ ਚਾਰ ਪ੍ਰਮੁੱਖ ਖੇਤਰਾਂ ਵਿੱਚ ਵੰਡਿਆ ਗਿਆ ਹੈ।

# ਬਰੀਵਾਲਾ ਦੀ ਮੰਡੀ 'ਚ ਝੋਨਾ ਪਾਣੀ 'ਚ ਡੁੱਬਣ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ

## ਕਿਰਤੀ ਕਿਸਾਨ ਯੂਨੀਅਨ ਵੱਲੋਂ ਮੁਆਵਜ਼ੇ ਦੀ ਮੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਮੰਡੀ ਬਰੀਵਾਲਾ ਵਿੱਚ ਸੈਂਕੜੇ ਬੋਰੀਆਂ ਪਾਣੀ ਵਿੱਚ ਡੁੱਬਣ ਕਰਕੇ ਕਿਸਾਨਾਂ ਦਾ ਲੱਖਾਂ ਰੁਪਿਆਂ ਦਾ ਨੁਕਸਾਨ ਹੋ ਗਿਆ, ਪਰ ਪ੍ਰਸ਼ਾਸਨ ਗੂੜ੍ਹੀ ਨੀਂਦ ਸੁੱਤਾ ਪਿਆ ਹੈ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ ਤੇ ਬਲਾਕ ਬਰੀਵਾਲਾ ਦੇ ਪ੍ਰਧਾਨ ਜਸਵੰਤ ਸਿੰਘ ਡੋਡਾਂਵਾਲੀ ਨੇ ਮੰਡੀ ਬਰੀਵਾਲਾ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਭਾਰੀ ਵਰਖਾ ਤੇ ਗੜੇਮਾਰੀ ਕਰਕੇ ਜਿੱਥੇ ਬਹੁਤ ਸਾਰੇ ਪਿੰਡਾਂ ਦੀ ਖੜੀ ਫਸਲ ਪੂਰੀ ਤਰ੍ਹਾਂ ਬਰਬਾਦ ਹੋ ਗਈ, ਉਥੇ ਜਿਨ੍ਹਾਂ ਕਿਸਾਨਾਂ ਨੇ ਪਹਿਲਾਂ ਮੰਡੀ ਵਿੱਚ ਝੋਨੇ ਦੀ ਫਸਲ ਲਿਆਂਦੀ ਸੀ ਪਾਣੀ ਨਿਕਾਸੀ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਕਈ ਕੁਇੰਟਲ ਝੋਨਾ ਪਾਣੀ ਵਿੱਚ ਰੁੜ ਗਿਆ ਹੈ, ਜਿਸ ਕਰਕੇ ਕਿਸਾਨਾਂ ਦਾ ਵੱਡੀ ਪੱਧਰ 'ਤੇ ਆਰਥਿਕ ਨੁਕਸਾਨ ਹੋ ਚੁੱਕਾ ਹੈ, ਪਰ ਮੰਡੀ ਬੋਰਡ ਤੇ ਮਾਰਕੀਟ ਕਮੇਟੀ ਅਧਿਕਾਰੀਆਂ ਤੇ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਸ਼ਾਸਨ ਵੱਲੋਂ ਕਿਸਾਨਾਂ ਦੀ ਸਾਰ ਤੱਕ ਨਹੀਂ ਲਈ ਗਈ। ਮਜਬੂਰਨ ਬਹੁਤ ਸਾਰੇ ਕਿਸਾਨਾਂ ਨੂੰ ਆਪਣਾ ਭਿੱਜਿਆ ਹੋਇਆ ਝੋਨਾ ਘਰਾਂ ਨੂੰ ਵਾਪਸ ਲੈ ਜਾਣਾ ਪਿਆ। ਆਗੂਆਂ ਨੇ ਕਿਹਾ ਕਿ ਕਿਰਤੀ ਕਿਸਾਨ ਯੂਨੀਅਨ ਵੱਲੋਂ ਲਗਾਤਾਰ ਮੰਗ ਕੀਤੀ ਜਾ ਰਹੀ ਹੈ ਕਿ ਕਿਸਾਨ ਪੱਖੀ ਫਸਲ ਬੀਮਾ ਯੋਜਨਾ ਲਾਗੂ ਕੀਤੀ ਜਾਵੇ ਜਿਵੇਂ ਫੈਕਟਰੀਆਂ ਦਾ ਨੁਕਸਾਨ ਹੋਣ ਦਾ ਮੁਆਵਜ਼ਾ ਫੈਕਟਰੀ ਮਾਲਕਾਂ ਨੂੰ ਦਿੱਤਾ ਜਾਂਦਾ, ਇਸ ਤਰਜ 'ਤੇ ਕਿਸਾਨਾਂ ਦੀ ਫਸਲ ਖਰਾਬ ਹੋਣ 'ਤੇ ਤੁਰੰਤ ਭਰਪਾਈ ਕੀਤੀ ਜਾਵੇ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਦੀ ਝੋਨੇ ਦੀ ਫਸਲ ਦੇ ਹੋਏ ਨੁਕਸਾਨ ਦਾ ਤੁਰੰਤ ਮੁਆਵਜ਼ਾ ਦਿੱਤਾ ਜਾਵੇ ਤੇ ਮੰਗ ਨਾ ਮੰਨਣ 'ਤੇ ਜਥੇਬੰਦੀ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ।

# ਸਾਂਝਾ ਦਿਵਿਆਂਗ ਮੋਰਚਾ ਪੰਜਾਬ ਵੱਲੋਂ 21 ਨੂੰ ਭੁੱਖ ਹੜਤਾਲ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸਾਂਝਾ ਦਿਵਿਆਂਗ ਮੋਰਚਾ ਪੰਜਾਬ ਵੱਲੋਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ 21 ਅਕਤੂਬਰ ਨੂੰ ਸਵੇਰੇ 10 ਵਜੇ ਕ੍ਰਾਂਤੀ ਚੌਕ, ਧੂਰੀ ਵਿਖੇ ਮੁੱਖ ਮੰਤਰੀ ਦਫ਼ਤਰ ਦੇ ਸਾਹਮਣੇ ਭੁੱਖ ਹੜਤਾਲ ਸ਼ੁਰੂ ਕੀਤੀ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੋਰਚੇ ਦੇ ਆਗੂ ਲਾਭ ਸਿੰਘ ਹੀਰਾ ਨੇ ਦੱਸਿਆ ਕਿ ਦਿਵਿਆਂਗ ਭੈਣ-ਭਰਾ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਕੋਈ ਠੋਸ ਹੱਲ ਨਹੀਂ ਕੀਤਾ ਗਿਆ।

ਆਗੂਆਂ ਨੇ ਦੱਸਿਆ ਕਿ 6 ਅਗਸਤ ਤੋਂ ਦਿਵਿਆਂਗ ਸਾਥੀ ਧੂਰੀ ਦੇ ਤ੍ਰਿਵੈਣੀ ਚੌਕ ਵਿਖੇ ਧਰਨੇ 'ਤੇ ਬੈਠੇ ਹੋਏ ਹਨ।ਇਸ ਸੰਘਰਸ਼ ਦਾ ਮੁੱਖ ਮਕਸਦ ਦਿਵਿਆਂਗ ਵਿਅਕਤੀਆਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣਾ ਤੇ ਸਰਕਾਰ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਮਜਬੂਰ ਕਰਨਾ ਹੈ।ਮੋਰਚੇ ਦੀਆਂ ਮੁੱਖ ਮੰਗਾਂ ਵਿੱਚ ਦਿਵਿਆਂਗ ਵਿਅਕਤੀਆਂ ਦੀ ਮਹੀਨਾਵਾਰ ਪੈਨਸ਼ਨ 5,000 ਰੁਪਏ ਕਰਨਾ ਤੇ ਸਰਕਾਰੀ ਵਿਭਾਗਾਂ ਵਿੱਚ ਦਿਵਿਆਂਗਾਂ ਲਈ ਖਾਲੀ ਪਈਆਂ ਬੈਕਲਾਗ ਅਸਾਮੀਆਂ ਨੂੰ ਤੁਰੰਤ ਭਰਨਾ ਸ਼ਾਮਲ ਹੈ।ਆਗੂਆਂ ਨੇ ਕਿਹਾ ਕਿ ਧਰਨੇ ਦੌਰਾਨ ਸਰਕਾਰ ਦੇ ਨੁਮਾਇੰਦਿਆਂ ਨਾਲ ਕਈ ਵਾਰ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਹਰ ਵਾਰ ਭਰੋਸੇ ਦੇਣ ਤੋਂ ਇਲਾਵਾ ਕੋਈ ਠੋਸ ਕਾਰਵਾਈ ਸਾਹਮਣੇ ਨਹੀਂ ਆਈ।ਲੰਬੇ ਸਮੇਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਦਿਵਿਆਂਗ ਭੈਣ-ਭਰਾਵਾਂ ਵਿੱਚ ਸਰਕਾਰ ਦੀ ਇਸ ਬੇਰੁਖ਼ੀ ਕਾਰਨ ਭਾਰੀ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਦਿਵਿਆਂਗ ਵਿਅਕਤੀ ਵੀ ਸਮਾਜ ਦਾ ਅਹਿਮ ਹਿੱਸਾ ਹਨ ਤੇ ਉਨ੍ਹਾਂ ਨੂੰ ਸਨਮਾਨਜਨਕ ਜੀਵਨ ਜਿਊਣ ਲਈ ਆਰਥਿਕ ਸੁਰੱਖਿਆ ਤੇ ਰੁਜ਼ਗਾਰ ਦੇ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ।

ਮੋਰਚੇ ਵੱਲੋਂ ਪਹਿਲਾਂ 19 ਅਕਤੂਬਰ ਨੂੰ ਭੁੱਖ ਹੜਤਾਲ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਪਰਮਿੰਦਰ ਸਿੰਘ ਝੋਟਾ ਨਾਲ ਸਬੰਧਤ ਘਟਨਾਕ੍ਰਮ ਦੇ ਮੱਦੇਨਜ਼ਰ ਇਸ ਪ੍ਰੋਗਰਾਮ ਦੀ ਤਾਰੀਖ਼ ਬਦਲ ਕੇ ਹੁਣ 21 ਅਕਤੂਬਰ, ਸਵੇਰੇ 10 ਵਜੇ ਕਰ ਦਿੱਤੀ ਗਈ ਹੈ।

ਸਾਂਝਾ ਦਿਵਿਆਂਗ ਮੋਰਚਾ ਪੰਜਾਬ ਵੱਲੋਂ ਸਮੂਹ ਦਿਵਿਆਂਗ ਭੈਣਾਂ-ਭਰਾਵਾਂ, ਸੰਘਰਸ਼ਸ਼ੀਲ ਸਾਥੀਆਂ ਤੇ ਇਨਸਾਫ਼ ਪਸੰਦ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਵੱਡੀ ਗਿਣਤੀ ਵਿੱਚ ਕ੍ਰਾਂਤੀ ਚੌਕ, ਧੂਰੀ ਵਿਖੇ ਪਹੁੰਚਣ ਤੇ ਇਸ ਸੰਘਰਸ਼ ਨੂੰ ਮਜ਼ਬੂਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

